Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 195 | 16/12/2025 | www.samajweekly.com | samajweekly | @samajweekly | samajweekly

# ਦਿੱਲੀ ’ਚ ਪ੍ਰਦੂਸ਼ਣ ਕਾਰਨ ਆਨਲਾਈਨ ਸਕੂਲ ਲਾਉਣ ਦੇ ਹੁਕਮ; ਏ ਕਿਊ ਆਈ 500 ਦੇ ਨੇੜੇ ਪੁੱਜਿਆ

## ਪੰਜਵੀਂ ਜਮਾਤ ਤਕ ਲਾਗੂ ਰਹਿਣਗੇ ਹੁਕਮ; ਹਾਈਬ੍ਰਿਡ ਮੋਡ ’ਤੇ ਚਲ ਰਹੇ ਸਨ ਸਕੂਲ

**ਨਵੀਂ ਦਿੱਲੀ।** ਕੌਮੀ ਰਾਜਧਾਨੀ ਵਿਚ ਪ੍ਰਦੂਸ਼ਣ ਦਾ ਪੱਧਰ ਬੇਹੱਦ ਗੰਭੀਰ ਹਾਲਤ ਵਿਚ ਪੁੱਜ ਗਿਆ ਹੈ ਜਿਸ ਕਾਰਨ ਦਿੱਲੀ ਸਰਕਾਰ ਨੇ ਸਕੂਲਾਂ ਨੂੰ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਹਾਈਬ੍ਰਿਡ ਮੋਡ ਤੋਂ ਆਨਲਾਈਨ ਮੋਡ ਵਿੱਚ ਤਬਦੀਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਦੱਸਣਾ ਬਣਦਾ ਹੈ ਕਿ ਹਾਈਬ੍ਰਿਡ ਮੋਡ ਅਨੁਸਾਰ ਸਕੂਲਾਂ ਦੀ ਮਰਜ਼ੀ ਹੁੰਦੀ ਹੈ, ਉਹ ਵਿਦਿਆਰਥੀਆਂ ਨੂੰ ਆਨਲਾਈਨ ਵੀ ਪੜ੍ਹਾ ਸਕਦੇ ਹਨ ਤੇ ਲੋੜ ਪੈਣ ’ਤੇ ਵਿਦਿਆਰਥੀਆਂ ਨੂੰ ਸਕੂਲ ਵੀ ਸੱਦ ਸਕਦੇ ਹਨ। ਦਿੱਲੀ ਵਿਚ ਪਿਛਲੇ ਹਫਤੇ ਤੋਂ ਪ੍ਰਦੂਸ਼ਣ ਵਧ ਰਿਹਾ ਹੈ ਤੇ ਇੱਥੇ ਧੂੰਏਂ ਦੀ ਸੰਘਣੀ ਚਾਦਰ ਛਾਈ ਰਹਿੰਦੀ ਹੈ ਜਿਸ ਕਾਰਨ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਘੇਰ



ਰਹੀਆਂ ਹਨ। ਇਕ ਰਿਪੋਰਟ ਅਨੁਸਾਰ ਹਸਪਤਾਲਾਂ ਵਿਚ ਸਾਹ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਵਧ ਗਈਆਂ ਹੈ। ਇਸ ਤੋਂ ਇਲਾਵਾਂ ਪ੍ਰਦੂਸ਼ਣ ਕਾਰਨ ਲੋਕਾਂ ਦੇ ਪਾਲਤੂ ਜਾਨਵਰਾਂ ਨੂੰ ਵੀ ਕਈ ਸਮੱਸਿਆਵਾਂ ਆ ਰਹੀਆਂ ਹਨ। ਕੌਮੀ ਰਾਜਧਾਨੀ ਦਿੱਲੀ ਵਿਚ ਪ੍ਰਦੂਸ਼ਣ ਦਾ ਪੱਧਰ ਬਹੁਤ ਵੱਧ ਗਿਆ ਹੈ। ਇੱਥੇ ਏ ਕਿਊ ਆਈ 498 ਦਰਜ ਕੀਤਾ ਗਿਆ ਹੈ ਜੋ ਗੰਭੀਰ ਸ਼੍ਰੇਣੀ ਵਿੱਚ ਆਉਂਦਾ ਹੈ। ਦਿੱਲੀ ਵਿੱਚ 38 ਨਿਗਰਾਨੀ ਕੇਂਦਰਾਂ ’ਤੇ ਹਵਾ ਦੀ ਗੁਣਵੱਤਾ ‘ਗੰਭੀਰ’ ਸ਼੍ਰੇਣੀ ਵਿੱਚ ਦਰਜ ਕੀਤੀ ਗਈ। ਜਹਾਂਗੀਰਪੁਰੀ ਵਿੱਚ 498 ਦਾ ਏ ਕਿਊ ਆਈ ਦਰਜ ਕੀਤਾ ਗਿਆ। ਵਜ਼ੀਰਪੁਰ ਹਵਾ ਗੁਣਵੱਤਾ ਨਿਗਰਾਨੀ ਸਟੇਸ਼ਨ ਨੇ ਦਿਨ ਦੌਰਾਨ ਵੱਧ ਤੋਂ ਵੱਧ ਏ ਕਿਊ ਆਈ 500 ਦਰਜ ਕੀਤਾ। ਕੌਮੀ ਰਾਜਧਾਨੀ ਵਿਚ ਅੱਜ ਵੀ ਸੰਘਣੀ ਧੁੰਦ ਰਹੀ ਤੇ ਇੱਥੇ ਸੰਘਣੀ ਧੁੰਦ ਲਈ ਓਰੈਂਜ ਅਲਰਟ ਜਾਰੀ ਕੀਤਾ ਗਿਆ ਹੈ। ਦਿੱਲੀ ਤੋ ਇਲਾਵਾ ਇਸ ਦੇ ਨਾਲ ਦੇ ਖੇਤਰਾਂ ਵਿਚ ਵੀ ਏ ਕਿਊ ਆਈ ਸਾਢੇ ਚਾਰ ਸੌ ਤੋਂ ਉੱਤੇ ਦਰਜ ਕੀਤਾ ਗਿਆ। ਕੌਮੀ ਰਾਜਧਾਨੀ ਵਿਚ ਪ੍ਰਦੂਸ਼ਣ ਦਾ ਪੱਧਰ ਦੋ ਦਿਨ ਪਹਿਲਾਂ ਵਧ ਗਿਆ ਸੀ ਜਿਸ ਕਾਰਨ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (ਛਅਥੰ) ਨੇ ਗ੍ਰੇਡਿਡ ਰਿਸਪਾਂਸ ਐਕਸ਼ਨ ਪਲਾਨ (GRAP-IV) ਦੇ ਚੌਥੇ ਪੜਾਅ ਤਹਿਤ ਪਾਬੰਦੀਆਂ ਲਾ ਦਿੱਤੀਆਂ ਸਨ। ਦਿੱਲੀ ਵਿੱਚ ਜ਼ਹਿਰੀਲੇ ਧੂੰਏਂ ਦੀ ਚਾਦਰ ਛਾਈ ਹੋਈ ਹੈ। ਜ਼ਿਕਰਯੋਗ ਹੈ ਕਿ ਲੋਕਾਂ ਨੇ ਦਿੱਲੀ ਵਿਚ ਪ੍ਰਦੂਸ਼ਣ ਵਧਣ ਤੇ ਸਰਕਾਰ ਦੇ ਇਸ ਨਾਲ ਨਾ ਨਜਿੱਠਣ ਨੂੰ ਲੈ ਕੇ ਪ੍ਰਦਰਸ਼ਨ ਵੀ ਕੀਤਾ ਸੀ।

# ਸੋਹਾਣਾ ਕਬੱਡੀ ਟੂਰਨਾਮੈਂਟ ਦੌਰਾਨ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦੀ ਹੱਤਿਆ

## ਕੁਝ ਦਿਨ ਪਹਿਲਾਂ ਹੋਇਆ ਸੀ ਵਿਆਹ; ਗੋਪੀ ਘਣਸ਼ਾਮਪੁਰੀਆ ਨੇ ਕਤਲ ਦੀ ਜ਼ਿੰਮੇਵਾਰੀ ਲਈ

**ਮੁਹਾਲੀ।** ਸੋਹਾਣਾ ਵਿਚ ਚੱਲ ਰਹੇ ਕਬੱਡੀ ਕੱਪ ਵਿੱਚ ਅੱਜ ਸ਼ਾਮੀਂ ਛੇ ਵਜੇ ਦੇ ਕਰੀਬ ਸ਼ਕਰਪੁਰ ਕਬੱਡੀ ਟੀਮ ਦੇ ਪ੍ਰਮੋਟਰ ਰਾਣਾ ਬਲਾਚੌਰੀਆ ਦੀ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਜਾਣਕਾਰੀ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ ਕੌਂਸਲਰ ਹਰਜੀਤ ਸਿੰਘ ਭੋਲੂ ਨੇ ਦਿੰਦਿਆਂ ਦੱਸਿਆ ਕਿ ਘਟਨਾ ਕਾਰ ਪਾਰਕਿੰਗ ਵਿੱਚ ਵਾਪਰੀ। ਉਨ੍ਹਾਂ ਦੱਸਿਆ ਕਿ ਬਹੁਤ ਨੇੜਿਓਂ ਰਾਣਾ ਬਲਾਚੌਰੀਆ ਦੇ ਸਿਰ ਵਿੱਚ ਗੋਲੀਆਂ ਮਾਰੀਆਂ ਗਈਆਂ ਹਨ ਅਤੇ ਉਸ ਦੀ ਹਾਲਤ ਬਹੁਤ ਗੰਭੀਰ ਹੈ। ਫੋਰਟਿਸ ਹਸਪਤਾਲ ਵੱਲੋਂ ਜਾਰੀ ਬੁਲੇਟਿਨ ਅਨੁਸਾਰ 30 ਸਾਲਾ ਕੰਵਰ ਦਿਗਵਿਜੇ ਸਿੰਘ ਉਰਫ ਰਾਣਾ ਬਲਾਚੌਰੀਆ ਨੂੰ ਜਦੋਂ ਹਸਪਤਾਲ ਵਿੱਚ ਲਿਆਂਦਾ ਗਿਆ ਤਾਂ ਉਹ ਮ੍ਰਿਤਕ ਪਾਇਆ ਗਿਆ। ਸੋਹਾਣਾ ਵਿਚ ਕਬੱਡੀ ਪ੍ਰਮੋਟਰ ਦੀ ਹੱਤਿਆ ਦੀ ਜ਼ਿੰਮੇਵਾਰੀ ਗੈਂਗਸਟਰ ਗੋਪੀ ਘਣਸ਼ਾਮਪੁਰੀਆ ਲਈ ਹੈ। ਉਸ ਨੇ ਸੋਸ਼ਲ ਮੀਡੀਆ ’ਤੇ ਪੋਸਟ ਵੀ ਸ਼ੇਅਰ ਕੀਤੀ ਹੈ। ਘਣਸ਼ਾਮਪੁਰੀਆ ਨੇ ਪੋਸਟ ਪਾ ਕੇ ਲਿਖਿਆ ਕਿ 'ਰਾਣਾ ਨੂੰ ਮਾਰ ਕੇ ਮੂਸੇਵਾਲਾ ਦੇ ਕਤਲ ਦਾ ਬਦਲਾ ਲਿਆ ਗਿਆ ਹੈ। ਉਸ ਨੇ ਕਿਹਾ ਕਿ ਇਸ ਕਬੱਡੀ ਪ੍ਰਮੋਟਰ ਨੇ ਮੂਸੇਵਾਲਾ ਦੀ ਹੱਤਿਆ ਵਿਚ ਸ਼ਾਮਲ ਲੋਕਾਂ ਲਈ ਰਿਹਾਇਸ਼ ਮੁਹੱਈਆ ਕਰਵਾਈ ਸੀ। ਇਸ ਤੋਂ ਪਹਿਲਾਂ ਰਾਣਾ ਨੂੰ ਉਸ ਦੇ ਸਾਥੀਆਂ ਵੱਲੋਂ ਨਿੱਜੀ ਹਸਪਤਾਲ ਵਿੱਚ ਪਹੁੰਚਾਇਆ ਗਿਆ ਹੈ। ਪੁਲੀਸ ਵੱਲੋਂ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।



ਜ਼ਿਕਰਯੋਗ ਹੈ ਕਿ ਸਬੰਧਤ ਨੌਜਵਾਨ ਦਾ ਕੁਝ ਦਿਨ ਪਹਿਲਾਂ ਹੀ ਵਿਆਹ ਹੋਇਆ ਸੀ। ਘਟਨਾ ਮਗਰੋਂ ਟੂਰਨਾਮੈਂਟ ਵਿੱਚ ਹਫ਼ੜਾ ਦਫ਼ੜੀ ਮਚ ਗਈ ਅਤੇ ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਪਤਾ ਲੱਗਿਆ ਹੈ ਕਿ ਹਮਲਾਵਰ ਬੋਲੇਰੋ ਵਿਚ ਸਵਾਰ ਹੋ ਕੇ ਆਏ ਸਨ। ਇਸ ਟੂਰਨਾਮੈਂਟ ਵਿਚ ਪੰਜਾਬੀ ਗਾਇਕ ਮਨਕੀਰਤ ਔਲਖ ਨੇ ਵੀ ਆਉਣਾ ਸੀ ਜਿਸ ਵੇਲੇ ਗੋਲੀਆਂ ਚੱਲੀਆਂ, ਉਸ ਵੇਲੇ ਵੱਡੀ ਗਿਣਤੀ ਵਿਚ ਦਰਸ਼ਕ ਮੌਜੂਦ ਸਨ। ਇਸ ਟੂਰਨਾਮੈਂਟ ਦਾ ਲਾਈਵ ਪ੍ਰਸਾਰਨ ਹੋ ਰਿਹਾ ਸੀ ਤੇ ਇਸ ਵਿਚ ਵੀ ਵੀ ਗੋਲੀਆਂ ਦੀ ਆਵਾਜ਼ ਕੈਦ ਹੋ ਗਈ ਹੈ। ਪੁਲੀਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਛੇ ਗੋਲੀਆਂ ਚੱਲਣ ਦੀ ਜਾਣਕਾਰੀ ਮਿਲੀ ਸੀ।



# ਹੁਣ ਜਲੰਧਰ ਦੇ 10 ਸਕੂਲਾਂ ਨੂੰ ਮਿਲੀ ਈ ਮੇਲ ਤੋਂ ਧਮਕੀ

**ਜਲੰਧਰ।** ਬੀਤੇ ਦਿਨੀਂ ਅਮ੍ਰਿਤਸਰ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੇ ਜਾਣ ਤੋਂ ਬਾਅਦ ਹੁਣ ਜਲੰਧਰ ਦੇ 10 ਸਕੂਲਾਂ ਨੂੰ ਵੱਖ ਵੱਖ ਈ ਮੇਲ ਪਤਿਆਂ ਤੋਂ ਧਮਕੀਆਂ ਮਿਲੀਆਂ ਹਨ। ਸਕੂਲਾਂ ਨੂੰ ਧਮਕੀ ਮਿਲਣ ਤੋਂ ਪ੍ਰਸ਼ਾਸ਼ਨ ਵਲੋਂ ਬਾਅਦ ਸਾਰੇ ਸਕੂਲਾਂ ਨੂੰ ਬੰਦ ਕਰ ਕੇ ਜਾਂਚ ਦੇ ਆਦੇਸ਼ ਦੇ ਦਿੱਤੇ ਗਏ। ਹਾਲਾਂਕਿ ਤਲਾਸ਼ੀ ਦੌਰਾਨ ਕੋਈ ਸ਼ੱਕੀ ਵਸਤੂ ਨਹੀਂ ਮਿਲੀ। ਜਲੰਧਰ ਦੇ ਡੀ ਸੀ ਹਿਮਾਂਸ਼ੂ ਅਗਰਵਾਲ ਅਤੇ ਪੁਲੀਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਕਰੀਬ 10:30 ਵਜੇ ਵੱਖ-ਵੱਖ ਸਕੂਲਾਂ ਵੱਲੋਂ ਫੋਨ ਆਇਆ ਸੀ ਕਿ ਉਨ੍ਹਾਂ ਦੀ ਈ-ਮੇਲ ਤੇ ਧਮਕੀ ਮਿਲੀ ਹੈ, ਜਿਸ ਤੋਂ ਬਾਅਦ ਉਨ੍ਹਾਂ ਪੁਲੀਸ ਕਮਿਸ਼ਨਰ ਨਾਲ ਗੱਲਬਾਤ ਕੀਤੀ ਤੇ ਸਕੂਲਾਂ ਨੂੰ ਬੰਦ ਕਰ ਕੇ ਜਾਂਚ ਦੇ ਆਦੇਸ਼ ਦੇ ਦਿੱਤੇ ਗਏ।



ਪੁਲੀਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ 10 ਸਕੂਲਾਂ ਨੂੰ ਵੱਖ-ਵੱਖ ਸਮੇਂ ਤੇ ਧਮਕੀ ਦੀਆਂ ਈ-ਮੇਲਾਂ ਆਈਆਂ ਹਨ ਤੇ ਈ-ਮੇਲ ਵੀ ਵੱਖ-ਵੱਖ ਐਡਰੈਸ ਤੋਂ ਆਈਆਂ ਹਨ। ਉਨ੍ਹਾਂ ਦੱਸਿਆ ਕਿ ਧਮਕੀ ਦੀ ਈ- ਮੇਲ ਮਿਲਣ ਤੋਂ ਬਾਅਦ ਸਾਈਬਰ ਕ੍ਰਾਈਮ ਦੀ ਟੀਮ ਜਾਂਚ ਵਿੱਚ ਜੁੱਟ ਗਈ ਹੈ ਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਈ-ਮੇਲ ਕਿੱਥੋਂ ਆਈ ਹੈ। ਪੁਲੀਸ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਨੂੰ ਸਾਰੀਆਂ ਮੇਲਾਂ ਨਕਲੀ ਲੱਗ ਰਹੀਆਂ ਹਨ, ਪਰ ਫਿਰ ਵੀ ਈ-ਮੇਲ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਉਹਨਾਂ ਕਿਹਾ ਕਿ ਹੁਣ ਤਕ ਕਿਤੋਂ ਵੀ ਕੋਈ ਸ਼ੱਕੀ ਚੀਜ਼ ਨਹੀਂ ਮਿਲੀ ਹੈ। ਜਿਨ੍ਹਾਂ ਸਕੂਲਾਂ ਨੂੰ ਈ-ਮੇਲ ਨਹੀਂ ਆਈ, ਉੱਥੇ ਵੀ ਸਕੂਲ ਪ੍ਰਬੰਧਨ ਨੂੰ ਸਾਵਧਾਨੀ ਵਰਤਣ ਲਈ ਕਿਹਾ ਗਿਆ ਹੈ। ਪੁਲੀਸ ਕਮਿਸ਼ਨਰ ਨੇ ਕਿਹਾ ਕਿ ਸਾਰੇ ਸਕੂਲਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਹੈ।

## ਪੰਜਾਬ ਦੇ ਸਕੂਲਾਂ 'ਚ 24 ਤੋਂ 31 ਦਸੰਬਰ ਤੱਕ ਰਹਿਣਗੀਆਂ ਸਰਦੀ ਦੀਆਂ ਛੁੱਟੀਆਂ

**ਚੰਡੀਗੜ੍ਹ** । ਪੰਜਾਬ 'ਚ ਪੈ ਰਹੀ ਕੜਾਕੇ ਦੀ ਠੰਡ ਅਤੇ ਸੰਘਣੀ ਧੁੰਦ ਦੇ ਮੱਦੇਨਜ਼ਰ ਸੂਬੇ ਦੇ ਸਕੂਲਾਂ 'ਚ ਸਰਦੀਆਂ ਦੀਆਂ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਲੋਂ ਜਾਰੀ ਹੁਕਮਾਂ ਅਨੁਸਾਰ 24 ਤੋਂ 31 ਦਸੰਬਰ ਤੱਕ ਸਕੂਲਾਂ 'ਚ ਰਹਿਣਗੀਆਂ । ਇਸ ਦੇ ਮੱਦੇਨਜ਼ਰ ਸੂਬੇ ਦੇ ਸਮੂਹ ਸਰਕਾਰੀ, ਪ੍ਰਾਈਵੇਟ ਏਡਿਡ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲ 24 ਦਸੰਬਰ ਤੋਂ 31 ਦਸੰਬਰ ਤੱਕ ਬੰਦ ਰਹਿਣ-ਗੇ ਅਤੇ ਨਵੇਂ ਸਾਲ 1 ਜਨਵਰੀ ਨੂੰ ਸਕੂਲ ਖੁੱਲ੍ਹਣਗੇ। ਜ਼ਿਕਰਯੋਗ ਹੈ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਇਸ ਵੇਲੇ ਸੰਘਣੀ ਧੁੰਦ ਦੇ ਨਾਲ ਹੱਡ ਚੀਰਵੀਂ ਠੰਡ ਪੈ ਰਹੀ ਹੈ, ਜਿਸ ਕਾਰਨ ਬੱਚਿਆਂ ਨੂੰ ਸਕੂਲ ਜਾਣ 'ਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਸੂਬਾ ਸਰਕਾਰ ਨੂੰ ਸਕੂਲਾਂ 'ਚ ਛੁੱਟੀਆਂ ਕਰਨ ਜਾਂ ਸਕੂਲਾਂ ਦਾ ਸਮਾਂ ਬਦਲਣ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਸੀ, ਜਿਸ ਦੇ ਮੱਦੇਨਜ਼ਰ ਹੁਣ ਪੰਜਾਬ ਸਰਕਾਰ ਵਲੋਂ ਸਕੂਲਾਂ 'ਚ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ।



## ਸੋਨੇ ਦੀ ਕੀਮਤ ਨੇ ਛੂਹਿਆ ਨਵਾਂ ਰਿਕਾਰਡ

### ਅੱਜ 4 ਹਜ਼ਾਰ ਰੁਪਏ ਵੱਧ ਕੇ 1.37 ਲੱਖ ਰੁਪਏ ਪ੍ਰਤੀ ਤੋਲਾ ਹੋਈ ਕੀਮਤ



**ਨਵੀਂ ਦਿੱਲੀ।** ਆਲ ਇੰਡੀਆ ਸਰਾਫਾ ਐਸੋਸੀਏਸ਼ਨ ਦੇ ਅਨੁਸਾਰ, ਮਜ਼ਬੂਤ ਗਲੋਬਲ ਸੰਕੇਤਾਂ ਨੂੰ ਦੇਖਦੇ ਹੋਏ, ਸੋਮਵਾਰ ਨੂੰ ਰਾਸ਼ਟਰੀ ਰਾਜਧਾਨੀ ਵਿੱਚ ਸੋਨੇ ਦੀਆਂ ਕੀਮਤਾਂ 4,000 ਰੁਪਏ ਵਧ ਕੇ 1,37,600 ਰੁਪਏ ਪ੍ਰਤੀ 10 ਗ੍ਰਾਮ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈਆਂ। 99.9 ਪ੍ਰਤੀਸ਼ਤ ਸ਼ੁੱਧਤਾ ਵਾਲੀ ਕੀਮਤੀ ਧਾਤ ਸ਼ੁੱਕਰਵਾਰ ਨੂੰ 1,33,600 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਈ ਸੀ। "ਸੋਨੇ ਦੀਆਂ ਕੀਮਤਾਂ ਹੋਰ ਵੀ ਵੱਧ ਗਈਆਂ ਕਿਉਂਕਿ ਅੰਤਰਰਾਸ਼ਟਰੀ ਸਪਾਟ ਸੋਨਾ ਸ਼ਧ 4,350 ਜ਼ੋਨ ਵੱਲ ਵਧਿਆ, ਜਿਸ ਨਾਲ ਘਰੇਲੂ ਬਾਜ਼ਾਰ ਵਿੱਚ ਇੱਕ ਮਜ਼ਬੂਤ ਤੇਜ਼ੀ ਆਈ," ਜਤੀਨ ਤ੍ਰਿਵੇਦੀ, ਤ਼ਫ ਰਿਸਰਚ ਐਨਾਲਿਸਟ, ਕਮੋਡਿਟੀ ਐਂਡ ਕਰੰਸੀ, ਲ਼ਖਫ ਸਿਕਿਓਰਿਟੀਜ਼ ਨੇ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਪੀਲੀ ਧਾਤ ਨੇ ਤੇਜ਼ੀ ਨਾਲ ਵਿਸ਼ਵਵਿਆਪੀ ਤਾਕਤ ਨੂੰ ਦਰਸਾਇਆ, ਜੋ ਕਿ ਉੱਚੇ ਪੱਧਰ ਨੂੰ ਛੂਹ ਰਹੀ ਹੈ। ਸੋਨੇ ਦੀਆਂ ਕੀਮਤਾਂ ਪਹਿਲਾਂ 17 ਅਕਤੂਬਰ ਨੂੰ 3,200 ਰੁਪਏ ਵਧ ਕੇ 1,34,800 ਰੁਪਏ ਪ੍ਰਤੀ 10 ਗ੍ਰਾਮ ਦੇ ਸਰਵਕਾਲੀ ਉੱਚ ਪੱਧਰ 'ਤੇ ਪਹੁੰਚ ਗਈਆਂ ਸਨ। "ਇਹ ਕਦਮ ਨਵੀਂ ਸੁਰੱਖਿਅਤ-ਨਿਵਾਸ ਮੰਗ ਅਤੇ ਆਉਣ ਵਾਲੇ ਅਮਰੀਕੀ ਆਰਥਿਕ ਅੰਕੜਿਆਂ, ਜਿਸ ਵਿੱਚ ਗੈਰ-ਖੇਤੀ ਤਨਖਾਹਾਂ ਅਤੇ ਇਸ ਹਫ਼ਤੇ ਤਹਿ ਕੀਤੇ ਗਏ ਕੋਰ ਪੀਸੀਈ ਕੀਮਤ ਸੂਚਕਾਂਕ ਸ਼ਾਮਲ ਹਨ, ਆਸਾਂ ਦੁਆਰਾ ਚਲਾਇਆ ਗਿਆ ਸੀ, ਧਿਆਨ ਮਜ਼ਬੂਤੀ ਨਾਲ ਅਮਰੀਕੀ ਮੈਕਰੋ ਸੰਕੇਤਾਂ 'ਤੇ ਕੇਂਦਰਿਤ ਹੋ ਗਿਆ ਹੈ, ਜਿਸ ਨਾਲ ਅਸਥਿਰਤਾ ਨੂੰ ਉੱਚਾ ਰੱਖਣ ਦੀ ਉਮੀਦ ਹੈ," ਤ੍ਰਿਵੇਦੀ ਨੇ ਅੱਗੇ ਕਿਹਾ। ਮੌਜੂਦਾ ਕੈਲੰਡਰ ਸਾਲ ਦੌਰਾਨ, ਸੋਨੇ ਦੀਆਂ ਕੀਮਤਾਂ 31 ਦਸੰਬਰ, 2024 ਨੂੰ 78,950 ਰੁਪਏ ਪ੍ਰਤੀ 10 ਗ੍ਰਾਮ ਤੋਂ 58,650 ਰੁਪਏ ਜਾਂ 74.3 ਪ੍ਰਤੀਸ਼ਤ ਵਧ ਗਈਆਂ ਹਨ। ਦੂਜੇ ਪਾਸੇ, ਐਸੋਸੀਏਸ਼ਨ ਦੇ ਅਨੁਸਾਰ, ਚਾਂਦੀ ਦੀਆਂ ਕੀਮਤਾਂ 1,99,500 ਰੁਪਏ (ਸਾਰੇ ਟੈਕਸਾਂ ਸਮੇਤ) 'ਤੇ ਸਥਿਰ ਰਹੀਆਂ। ਇਸ ਸਾਲ ਹੁਣ ਤੱਕ, ਚਾਂਦੀ ਦੀਆਂ ਕੀਮਤਾਂ 1,09,800 ਰੁਪਏ ਜਾਂ 122.41 ਪ੍ਰਤੀਸ਼ਤ ਤੱਕ ਵਧੀਆਂ ਹਨ, ਜੋ ਕਿ 31 ਦਸੰਬਰ, 2024 ਨੂੰ 89,700 ਰੁਪਏ ਪ੍ਰਤੀ ਕਿਲੋਗ੍ਰਾਮ ਸੀ। ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ, ਸਪਾਟ ਸੋਨਾ ਲਗਾਤਾਰ ਪੰਜਵੇਂ ਸੈਸ਼ਨ ਲਈ ਵਧਿਆ, 49.83 ਡਾਲਰ ਜਾਂ 1.16 ਪ੍ਰਤੀਸ਼ਤ ਵਧ ਕੇ 4,350.06 ਡਾਲਰ ਪ੍ਰਤੀ ਔਂਸ ਹੋ ਗਿਆ। ਪਿਛਲੇ ਪੰਜ ਸੈਸ਼ਨਾਂ ਵਿੱਚ, ਪੀਲੀ ਧਾਤ ਨੇ 8 ਦਸੰਬਰ ਨੂੰ ਦਰਜ ਕੀਤੇ ਗਏ 4,190.74 ਡਾਲਰ ਪ੍ਰਤੀ ਔਂਸ ਤੋਂ 159.32 ਡਾਲਰ ਜਾਂ 3.80 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ। "ਸਪਾਟ ਸੋਨਾ ਇੱਕ ਸਕਾਰਾਤਮਕ ਪੱਖਪਾਤ ਨਾਲ ਵਪਾਰ ਕਰ ਰਿਹਾ ਹੈ ਕਿਉਂਕਿ ਫੈਡਰਲ ਰਿਜ਼ਰਵ ਨੇ ਨਾ ਸਿਰਫ ਉੱਚੀ ਮੁਦਰਾਸਫੀਤੀ ਵਿੱਚ ਦਰ ਨੂੰ ਘਟਾਇਆ ਹੈ, ਸਗੋਂ ਇਹ ਖਜ਼ਾਨਾ ਬਿੱਲਾਂ ਨੂੰ ਖਰੀਦ ਕੇ ਸਿਸਟਮ ਵਿੱਚ ਤਰਲਤਾ ਵੀ ਜੋੜ ਰਿਹਾ ਹੈ," ਪ੍ਰਵੀਨ ਸਿੰਘ, ਰਿਸਰਚ ਐਨਾਲਿਸਟ, ਮੀਰਾਏ ਐਸੇਟ ਸ਼ੇਅਰਖਾਨ ਨੇ ਕਿਹਾ। ਇਸ ਦੌਰਾਨ, ਵਿਦੇਸ਼ੀ ਬਾਜ਼ਾਰਾਂ ਵਿੱਚ ਚਾਂਦੀ 2 ਡਾਲਰ ਜਾਂ 3.24 ਪ੍ਰਤੀਸ਼ਤ ਵਧ ਕੇ 63.96 ਡਾਲਰ ਪ੍ਰਤੀ ਔਂਸ ਹੋ ਗਈ। ਸ਼ੁੱਕਰਵਾਰ ਨੂੰ, ਇਹ ਚਿੱਟੀ ਧਾਤ 64.65 ਡਾਲਰ ਪ੍ਰਤੀ ਔਂਸ ਦੇ ਜੀਵਨ ਭਰ ਦੇ ਉੱਚ ਪੱਧਰ ਨੂੰ ਛੂਹ ਗਈ ਸੀ।

## ਮਾਣਹਾਨੀ ਮਾਮਲੇ ’ਚ ਬਠਿੰਡਾ ਦੀ ਅਦਾਲਤ ਵਿਚ ਹੋਈ ਸੁਣਵਾਈ





**ਬਠਿੰਡਾ** । ਦਿੱਲੀ ਕਿਸਾਨ ਅੰਦੋਲਨ ਦੌਰਾਨ ਬਜ਼ੁਰਗ ਔਰਤ ਮਹਿੰਦਰ ਕੌਰ ਬਾਰੇ ਟਵਿੱਟਰ 'ਤੇ ਕੀਤੀਆਂ ਟਿੱਪਣੀਆਂ ਦੇ ਮਾਮਲੇ ’ਚ ਅਦਾਕਾਰਾ ਅਤੇ ਸੰਸਦ ਮੈਂਬਰ ਕੰਗਣਾ ਰਣੌਤ ਖ਼ਿਲਾਫ਼ ਬਠਿੰਡਾ ਦੀ ਜ਼ਿਲ੍ਹਾ ਅਦਾਲਤ ਵਿਚ ਅੱਜ ਸੁਣਵਾਈ ਹੋਈ । ਦੋਹਾਂ ਧਿਰਾਂ ਦੇ ਵਕੀਲ ਅਦਾਲਤ 'ਚ ਮੌਜੂਦ ਸਨ ਪਰ ਬਜ਼ੁਰਗ ਬੇਬੇ ਮਹਿੰਦਰ ਕੌਰ ਸਿਹਤ ਖ਼ਰਾਬ ਹੋਣ ਕਾਰਨ ਪੇਸ਼ ਨਹੀਂ ਹੋ ਸਕੀ। ਅਦਾਲਤ ਨੇ ਕੰਗਣਾ ਰਣੌਤ ਦੇ ਵਕੀਲ ਨੂੰ ਗਵਾਹਾਂ ਦੀ ਪਛਾਣ ਕਰਨ ਲਈ 5 ਜਨਵਰੀ, 2026 ਨੂੰ ਨਿੱਜੀ ਤੌਰ 'ਤੇ ਅਦਾਲਤ 'ਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ। ਮਾਮਲੇ ਦੀ ਅਗਲੀ ਸੁਣਵਾਈ ਉਸੇ ਤਾਰੀਖ਼ ਨੂੰ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਜ਼ੁਰਗ ਔਰਤ ਮਹਿੰਦਰ ਕੌਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਬਹਿਣੀਵਾਲ ਨੇ ਕਿਹਾ ਕਿ ਪਿਛਲੀ ਸੁਣਵਾਈ ਦੌਰਾਨ ਮਹਿੰਦਰ ਕੌਰ ਅਤੇ ਇੱਕ ਹੋਰ ਗਵਾਹ ਦੇ ਬਿਆਨ ਅਦਾਲਤ 'ਚ ਦਰਜ ਕੀਤੇ ਗਏ ਸਨ। ਉਧਰ ਕੰਗਣਾ ਰਣੌਤ ਵੱਲੋਂ ਨਿੱਜੀ ਪੇਸ਼ੀ ਦੀ ਛੋਟ ਦੇ ਮਾਮਲੇ ਵਿਚ ਵੀ ਅਦਾਲਤ ਵੱਲੋਂ ਅੱਜ ਕੋਈ ਫ਼ੈਸਲਾ ਨਹੀਂ ਕੀਤਾ ਗਿਆ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਇੰਡੀਗੋ ਫਲਾਈਟਾਂ ਰੱਦ ਹੋਣ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਪਟੀਸ਼ਨ ਤੇ ਸੁਣਵਾਈ ਤੋਂ ਕੀਤਾ ਇਨਕਾਰ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਇੰਡੀਗੋ ਵੱਲੋਂ ਸੈਂਕੜੇ ਉਡਾਣਾਂ ਰੱਦ ਕੀਤੇ ਜਾਣ ਦੇ ਮੁੱਦੇ ਤੇ ਨਿਆਂਇਕ ਦਖਲ ਦੀ ਮੰਗ ਕਰਨ ਵਾਲੀ ਇੱਕ ਜਨਹਿੱਤ ਪਟੀਸ਼ਨ ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਿਕਾਇਤਾਂ ਲੈ ਕੇ ਪਟੀਸ਼ਨਰ ਨੂੰ ਦਿੱਲੀ ਹਾਈ ਕੋਰਟ ਜਾਣ ਲਈ ਕਿਹਾ। ਦਿੱਲੀ ਹਾਈ ਕੋਰਟ ਨੇ 10 ਦਸੰਬਰ ਨੂੰ ਇੰਡੀਗੋ ਦੀਆਂ ਉਡਾਣਾਂ ਰੱਦ ਹੋਣ ਕਾਰਨ ਪੈਦਾ ਹੋਏ ਸੰਕਟ ਦੀ ਜਾਂਚ ਲਈ ਕੇਂਦਰ ਸਰਕਾਰ ਵੱਲੋਂ ਸਮੇਂ ਸਿਰ ਕਾਰਵਾਈ ਨਾ ਕਰਨ ਤੇ ਸਵਾਲ ਉਠਾਏ ਸਨ ਅਤੇ ਪੁੱਛਿਆ ਸੀ ਕਿ ਸਥਿਤੀ ਨੂੰ ਵਿਗੜਨ ਕਿਉਂ ਦਿੱਤਾ ਗਿਆ, ਜਿਸ ਕਾਰਨ ਲੱਖਾਂ ਯਾਤਰੀ ਫਸ ਗਏ ਅਤੇ ਹੋਰ ਏਅਰਲਾਈਨਾਂ ਮਹਿੰਗੇ ਕਿਰਾਏ ਵਸੂਲ ਰਹੀਆਂ ਹਨ। ਹਾਈ ਕੋਰਟ ਇੰਡੀਗੋ ਵੱਲੋਂ ਸੈਂਕੜੇ ਉਡਾਣਾਂ ਰੱਦ ਕਰਨ ਕਾਰਨ ਪ੍ਰਭਾਵਿਤ ਯਾਤਰੀਆਂ ਨੂੰ ਸਹਾਇਤਾ ਅਤੇ ਰਿਫੰਡ ਪ੍ਰਦਾਨ ਕਰਨ ਲਈ ਕੇਂਦਰ ਨੂੰ ਨਿਰਦੇਸ਼ ਦੇਣ ਦੀ ਮੰਗ ਵਾਲੀ ਇੱਕ ਜਨਹਿੱਤ ਪਟੀਸ਼ਨ ਤੇ ਸੁਣਵਾਈ ਕਰ ਰਿਹਾ ਸੀ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ. ਪਾਮਚੋਲੀ ਦੀ ਬੈਂਚ ਨੇ ਪਟੀਸ਼ਨਰ ਨਰਿੰਦਰ ਮਿਸ਼ਰਾ ਦੀਆਂ ਦਲੀਲਾਂ ਦਾ ਨੋਟਿਸ ਲਿਆ ਕਿ ਪਟੀਸ਼ਨ ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੀ ਲੋੜ ਹੈ ਅਤੇ ਕਿਹਾ ਕਿ ਹਾਈ ਕੋਰਟ ਪਹਿਲਾਂ ਹੀ ਅਜਿਹੀ ਹੀ ਇੱਕ ਹੋਰ ਜਨਹਿੱਤ ਪਟੀਸ਼ਨ ਤੇ ਸੁਣਵਾਈ ਕਰ ਰਿਹਾ ਹੈ।



ਬੈਂਚ ਨੇ ਮਿਸ਼ਰਾ ਨੂੰ ਹਾਈ ਕੋਰਟ ਨਾਲ ਸੰਪਰਕ ਕਰਨ ਲਈ ਕਿਹਾ ਅਤੇ ਨਾਲ ਹੀ ਇਹ ਆਜ਼ਾਦੀ ਵੀ ਦਿੱਤੀ ਕਿ ਜੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਨਹੀਂ ਹੁੰਦਾ ਤਾਂ ਉਹ ਦੁਬਾਰਾ ਸੁਪਰੀਮ ਕੋਰਟ ਆ ਸਕਦੇ ਹਨ। ਇੰਡੀਗੋ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਨੇ ਕਿਹਾ ਕਿ ਡੀਜੀਸੀਏ ਨੇ ਉਡਾਣਾਂ ਰੱਦ ਹੋਣ ਅਤੇ ਇਸਦੇ ਸਿੱਟੇ ਵਜੋਂ ਯਾਤਰੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਦੇਖਣ ਲਈ ਇੱਕ ਮਾਹਰ ਕਮੇਟੀ ਨਿਯੁਕਤ ਕੀਤੀ ਹੈ। ਬੈਂਚ ਨੇ ਕਿਹਾ ਕਿ ਇਹ ਦੱਸਿਆ ਗਿਆ ਹੈ ਕਿ ਦਿੱਲੀ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਪੈਂਡਿੰਗ ਹੈ। ਇਹ ਕਿਹਾ ਗਿਆ ਹੈ ਕਿ ਡੀਜੀਸੀਏ ਨੇ 5 ਦਸੰਬਰ ਦੀ ਮਾਹਰ ਕਮੇਟੀ ਬਣਾਈ ਹੈ। ਇੱਥੇ ਉਠਾਏ ਗਏ ਸਾਰੇ ਮੁੱਦੇ ਦਿੱਲੀ ਹਾਈ ਕੋਰਟ ਵਿੱਚ ਪੈਂਡਿੰਗ ਹਨ। ਪਟੀਸ਼ਨਰ ਨੂੰ ਦਿੱਲੀ ਹਾਈ ਕੋਰਟ ਵਿੱਚ ਕਾਰਵਾਈ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਬੈਂਚ ਨੇ ਕਿਹਾ ਕਿ ਅਸੀਂ ਦਿੱਲੀ ਹਾਈ ਕੋਰਟ ਨੂੰ ਬੇਨਤੀ ਕਰਦੇ ਹਾਂ ਕਿ ਉਹ ਉਸ ਨੂੰ ਹਾਈ ਕੋਰਟ ਵਿੱਚ ਦਖਲ ਦੇਣ ਅਤੇ ਆਪਣੀਆਂ ਸਾਰੀਆਂ ਦਲੀਲਾਂ ਉਠਾਉਣ ਦੀ ਇਜਾਜ਼ਤ ਦੇਵੇ। ਜੇ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਨਹੀਂ ਹੁੰਦਾ, ਤਾਂ ਉਸ ਨੂੰ ਜਾਂ ਕਿਸੇ ਹੋਰ ਜਨਤਕ ਭਾਵਨਾ ਵਾਲੇ ਵਿਅਕਤੀ ਨੂੰ ਇਸ ਅਦਾਲਤ ਵਿੱਚ ਆਉਣ ਤੋਂ ਕੋਈ ਨਹੀਂ ਰੋਕਦਾ। ਮਿਸ਼ਰਾ ਨੇ ਕਿਹਾ ਕਿ ਉਡਾਣਾਂ ਰੱਦ ਹੋਣ ਕਾਰਨ ਯਾਤਰੀ ਦੁਖੀ ਹਨ। ਸੀਜੇਆਈ ਨੇ ਸ਼ੁਰੂਆਤ ਵਿੱਚ ਕਿਹਾ ਕਿ ਇਹ ਲੋਕਾਂ ਲਈ ਇੱਕ ਗੰਭੀਰ ਚਿੰਤਾ ਹੈ ਪਰ ਹਾਈ ਕੋਰਟ ਇਸ ਦੀ ਜਾਂਚ ਕਰ ਰਿਹਾ ਹੈ। ਇਹ (ਹਾਈ ਕੋਰਟ) ਵੀ ਇੱਕ ਸੰਵਿਧਾਨਕ ਅਦਾਲਤ ਹੈ। ਜੇ ਤੁਹਾਡੀਆਂ ਸ਼ਿਕਾਇਤਾਂ ਦਾ ਨਿਪਟਾਰਾ ਨਹੀਂ ਹੁੰਦਾ ਤਾਂ ਤੁਸੀਂ ਇੱਥੇ ਆ ਸਕਦੇ ਹੋ। ਇਸ ਤੋਂ ਪਹਿਲਾਂ, ਬੈਂਚ ਨੇ ਇਸ ਮਾਮਲੇ ਵਿੱਚ ਨਿਆਂਇਕ ਦਖ਼ਲ ਦੀ ਮੰਗ ਕਰਨ ਵਾਲੀ ਪਟੀਸ਼ਨ ਤੇ ਤੁਰੰਤ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਬੈਂਚ ਨੇ ਕਿਹਾ ਕਿ ਕੇਂਦਰ ਨੇ ਸਥਿਤੀ ਦਾ ਨੋਟਿਸ ਲਿਆ ਹੈ ਅਤੇ ਇਸ ਨੂੰ ਹੱਲ ਕਰਨ ਲਈ ਕਦਮ ਚੁੱਕੇ ਹਨ। ਇੰਡੀਗੋ ਨੂੰ ਪਾਇਲਟਾਂ ਦੀ ਉਡਾਣ ਡਿਊਟੀ ਅਤੇ ਨਿਯਮਾਂ ਵਿੱਚ ਰੈਗੂਲੇਟਰੀ ਤਬਦੀਲੀਆਂ ਦਾ ਹਵਾਲਾ ਦਿੰਦੇ ਹੋਏ ਸੈਂਕੜੇ ਉਡਾਣਾਂ ਰੱਦ ਕਰਨ ਲਈ ਸਰਕਾਰ ਅਤੇ ਯਾਤਰੀਆਂ ਦੋਵਾਂ ਤੋਂ ਹੀ ਨਿੰਦਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਰੁਕਾਵਟਾਂ ਕਾਰਨ ਦੇਸ਼ ਭਰ ਦੇ ਹਵਾਈ ਅੱਡਿਆਂ ਤੇ ਲੱਖਾਂ ਯਾਤਰੀ ਫਸ ਗਏ ਹਨ।

## ਜਲੰਧਰ ਦੇ ਸੰਤੋਖਪੁਰਾ 'ਚ ਕਬਾੜ ਦੇ ਗੋਦਾਮ 'ਚ ਹੋਇਆ ਧਮਾਕਾ



**ਸੰਤੋਖਪੁਰਾ ।** ਸੰਤੋਖਪੁਰਾ : ਜਲੰਧਰ ਜ਼ਿਲ੍ਹੇ ਦੇ ਥਾਣਾ 8 ਦੇ ਅਧਿਕਾਰ ਖੇਤਰ ਵਿਚ ਆਉਣ ਵਾਲੇ ਸੰਤੋਖਪੁਰਾ ਖੇਤਰ ਵਿਚ ਇਕ ਕਬਾੜ ਦੇ ਗੋਦਾਮ ਵਿਚ ਇਕ ਸ਼ਕਤੀਸ਼ਾਲੀ ਧਮਾਕੇ ਨੇ ਦਹਿਸ਼ਤ ਫੈਲਾ ਦਿੱਤੀ। ਇਸ ਵਿਚ ਇਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੰਤੋਖਪੁਰਾ ਦੇ ਰਹਿਣ ਵਾਲੇ ਰਾਜਿੰਦਰ ਵਜੋਂ ਹੋਈ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਸਥਾਨਕ ਨਿਵਾਸੀਆਂ ਨੇ ਤੁਰੰਤ ਪੁਲਿਸ ਸਟੇਸ਼ਨ 8 ਨੂੰ ਸੂਚਿਤ ਕੀਤਾ।ਸੂਚਨਾ ਮਿਲਣ 'ਤੇ ਇਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਧਮਾਕਾ ਇੰਨਾ ਸ਼ਕਤੀਸ਼ਾਲੀ ਸੀ ਕਿ ਨੇੜਲੇ ਘਰਾਂ ਦੀਆਂ ਕੰਧਾਂ ਹਿੱਲ ਗਈਆਂ, ਜਿਸ ਨਾਲ ਇਲਾਕੇ ਵਿਚ ਦਹਿਸ਼ਤ ਫੈਲ ਗਈ। ਥਾਣਾ 8 ਦੇ ਇੰਚਾਰਜ ਸਾਹਿਲ ਚੌਧਰੀ ਮੌਕੇ 'ਤੇ ਪਹੁੰਚੇ ਅਤੇ ਜਾਂਚ ਦਾ ਕੰਮ ਸੰਭਾਲ ਲਿਆ। ਪੁਲਿਸ ਧਮਾਕੇ ਦੇ ਕਾਰਨਾਂ ਅਤੇ ਗੋਦਾਮ ਵਿਚ ਸਟੋਰ ਕੀਤੇ ਸਕ੍ਰੈਪ ਦੀ ਕਿਸਮ ਦੀ ਜਾਂਚ ਕਰ ਰਹੀ ਹੈ। ਫਿਲਹਾਲ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ, ਜਦੋਂ ਕਿ ਇਲਾਕੇ ਵਿਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਰਬਜੀਤ ਮੰਗੂਵਾਲ ਨੇ ਆਪਣੀ ਕਿਤਾਬ ਫੁੱਟਬਾਲ ਦੇ ਅੰਗ ਸੰਗ ਭੇਂਟ ਕੀਤੀ

**ਬੰਗਾ (ਚਰਨਜੀਤ ਸੱਲ੍ਹਾਂ )** ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਪਿੰਡ ਦੇ ਰਹਿਣ ਵਾਲੇ ਨੈਸ਼ਨਲ ਫੁੱਟਬਾਲ ਕੋਚ ਇਕਬਾਲ ਸਿੰਘ ਉਰਫ ਮੱਖਣ ਸਰਾਭਾ ਲੈਕਚਰਾਰ ਫਿਜੀਕਲ- ਐਜੂਕੇਸ਼ਨ ਗੌਰਮੈਂਟ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਰਾਇ ਜ਼ਿਲ੍ਹਾ ਲੁਧਿਆਣਾ ਨੂੰ ਸਰਬਜੀਤ ਮੰਗੂਵਾਲ ਨੇ ਆਪਣੀ 'ਫੁੱਟਬਾਲ ਦੇ ਅੰਗ-ਸੰਗ' ਕਿਤਾਬ ਭੱਟ ਕੀਤੀ। ਇਸ ਮੋਕੇ ਮੈਡਮ ਬੀਨ ਅਤੇ ਮਾਸਟਰ ਜਗਦੀਪ ਸਿੰਘ ਵੀ ਉਨ੍ਹਾਂ ਦੇ ਨਾਲ ਯਾਦਗਾਰੀ ਤਸਵੀਰ'ਚ ਮੌਜੂਦ ਹਨ ।



# ਧੰਨ ਧੰਨ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਨ ਨੂੰ ਸਮਰਪਿਤ ਗੀਤ ਲੈਕੇ ਹਾਜ਼ਰ ਹਨ ਰਾਜ ਦਦਰਾਲ ਅਤੇ ਸੁਦੇਸ਼ ਕੁਮਾਰੀ

**ਬੰਗਾ (ਚਰਨਜੀਤ ਸੱਲ੍ਹਾਂ )** ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਤੇ ਪ੍ਰਸਿੱਧ ਮਿਸ਼ਨਰੀ ਗੀਤਕਾਰ ਅਮਰਜੀਤ ਬੇਗਮਪੁਰੀ ਕਨੇਡਾ ਜੀ ਦੇ ਲਿਖੇ ਤੁਹਾਡੇ ਆਪਣੇ ਗਾਇਕ ਰਾਜ ਦਦਰਾਲ ਅਤੇ ਸੁਰੀਲੀ ਅਵਾਜ਼ ਦੀ ਮਾਲਕ ਮੈਡਮ ਸੁਦੇਸ਼ ਕੁਮਾਰੀ ਜੀ ਦੇ ਗਏ ਮੈਡਮ ਸੁਨੈਨਾ ਨੂਰ ਜੀ ਤੇ ਫ਼ਿਲਮਾਏ ਸ੍ਰੀ ਬੀ.ਆਰ.ਡਿਮਾਣਾ ਜੀ ਦੇ ਸੰਗੀਤ ਵਿੱਚ ਸ਼ਿੰਗਾਰੇ ਵੀਡੀਓ ਡਾਇਰੈਕਟਰ ਲਵੀ ਸੂੰਢ ਜੀ ਵੱਲੋਂ ਤਿਆਰ ਕੀਤੇ ਧਾਰਮਿਕ ਗੀਤ"ਸੋਨੇ ਰੰਗੇ ਸਿਤਾਰੇ"ਦਾ ਪੋਸਟਰ RM2 Muisc kMpnI,Mela Entertianers Canada ਅਤੇ ਪ੍ਰਡਿਊਸਰ ਸ੍ਰੀ ਬਿੱਲ ਬਸਰਾ ਕਨੇਡਾ ਵੱਲੋਂ ਵਿਸ਼ਵ ਪੱਧਰ ਤੇ ਰਲੀਜ਼ ਕੀਤਾ ਜਾ ਰਿਹਾ ਹੈ ਕਰਿਓ ਜੀ ਸਪੋਰਟ।




# ਗੁਰੂ ਤੇਗ ਬਹਾਦਰ ਸਾਹਿਬ ਚੈਰੀਟੇਬਲ ਹਸਪਤਾਲ ਅਤੇ ਨਰਸਿੰਗ ਕਾਲਜ ਵਿੱਚ ਸਲਾਨਾ ਸਮਾਗਮ ਹੋਇਆ

## ●ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ-ਪਾਠ ਦੇ ਭੋਗ ਪਾਏ ਗਏ ●ਮੁਫ਼ਤ ਡਾਕਟਰੀ ਕੈਂਪ ਦੌਰਾਨ 2000 ਮਰੀਜ਼ਾਂ ਦੀ ਜਾਂਚ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਤੇਗ਼ ਬਹਾਦਰ ਸਾਹਿਬ ਚੈਰੀਟੇਬਲ ਹਸਪਤਾਲ ਅਤੇ ਨਰਸਿੰਗ ਕਾਲਜ ਲੁਧਿਆਣਾ ਵਿੱਚ ਸਾਲਾਨਾ ਸਮਾਗਮ ਕਰਵਾਇਆ ਗਿਆ, ਪਰ ਇਸ ਵਾਰ ਦਾ ਵਿਸ਼ਾਲ ਸਮਾਗਮ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ, ਜੋ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਮੌਕੇ ਹਸਪਤਾਲ ਵਿੱਚ ਮੁਫ਼ਤ ਡਾਕਟਰੀ ਜਾਂਚ ਅਤੇ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਸ਼੍ਰੀ ਸੰਜੀਵ ਅਰੋੜਾ, ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ। ਕੈਂਪ ਦੌਰਾਨ ਲਗਭਗ 2,000 ਮਰੀਜ਼ਾਂ ਦੀ ਡਾਕਟਰੀ ਜਾਂਚ ਉਪਰੰਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੌਰਾਨ ਬੀ.ਪੀ ਰਿਕਾਰਡਿੰਗ, ਬਲੱਡ ਸ਼ੂਗਰ, ਹੀਮੋਗਲੋਬਿਨ, ਈਸੀਜੀ ਅਤੇ ਐਕਸ-ਰੇ ਦਾ ਲਾਭ ਮਰੀਜ਼ਾਂ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ, ਗਾਇਨੀਕੋਲੋਜੀਕਲ ਅਤੇ ਅੱਖ ਵਿਭਾਗ ਰਿਆਇਤੀ ਦਰਾਂ 'ਤੇ ਅਪਰੇਸ਼ਨਾਂ ਦਾ ਮਰੀਜ਼ਾਂ ਨੂੰ



ਲਾਭ ਦਿੱਤਾ ਗਿਆ। ਇਸ ਮੌਕੇ ਰਸਮੀ ਉਦਘਾਟਨ ਤੋਂ ਬਾਅਦ ਸੰਜੀਵ ਅਰੋੜਾ ਨੇ ਕੈਂਪ ਦੀਆਂ ਸਹੂਲਤਾਂ ਅਤੇ ਹਸਪਤਾਲ ਦੇ ਹੋਰ ਖੇਤਰਾਂ ਦਾ ਦੌਰਾ ਕੀਤਾ। ਉਨ੍ਹਾਂ ਮਰੀਜ਼ਾਂ ਨੂੰ ਸੱਚਮੁੱਚ ਚੈਰੀਟੇਬਲ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰਬੰਧਨ ਅਤੇ ਸਟਾਫ ਦੀ ਸ਼ਲਾਘਾ ਕੀਤੀ। ਇਸ ਮੌਕੇ ਸੰਜੀਵ ਅਰੋੜਾ ਨੇ ਗ਼ਰੀਬ ਅਤੇ ਲੋੜਵੰਦ ਮਰੀਜ਼ਾਂ ਲਈ ਸਿਹਤ ਸਹੂਲਤਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਡਾਕਟਰੀ ਖ਼ਰਚੇ ਤਨਖਾਹ ਦਾ ਲਗਭਗ 65 ਪ੍ਰਤੀਸ਼ਤ ਹੋਣ ਕਰਕੇ ਇਲਾਜ ਆਮ ਆਦਮੀ ਲਈ ਮਹਿੰਗਾ ਹੋ ਗਿਆ ਹੈ। ਇਸ ਮੌਕੇ ਉਹਨਾਂ ਆਪਣੇ ਅਖਤਿਆਰੀ ਫੰਡ ਵਿੱਚੋਂ ਹਸਪਤਾਲ ਲਈ 10 ਲੱਖ ਰੁਪਏ ਦੀ ਦਾਨ ਰਾਸ਼ੀ ਭੇਟ ਕੀਤੀ।

ਇਸ ਉਪਰੰਤ ਇੰਸਟੀਟਿਊਟ ਆਫ ਨਰਸਿੰਗ ਐਜੂਕੇਸ਼ਨ ਵਿੱਚ ਗੁਰਮਤਿ ਸਮਾਗਮ ਦੀ ਸ਼ੁਰੂਆਤ ਜਪੁਜੀ ਸਾਹਿਬ ਜੀ ਦੇ ਪਾਠ ਨਾਲ ਕੀਤੀ ਗਈ।ਇਸ ਤੋਂ ਬਾਅਦ ਪ੍ਰਸਿੱਧ ਗਿਆਨੀ ਸ਼ਿਵਦੇਵ ਸਿੰਘ ਕੈਨੇਡਾ ਵਾਲਿਆਂ ਵੱਲੋਂ ਕਥਾ ਕੀਤੀ ਗਈ, ਜਿਹਨਾਂ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਨਾਲ ਰੂਬਰੂ ਕਰਵਾਇਆ । ਸਮਾਗਮ ਵਿੱਚ ਗੁਰਬਾਣੀ ਕੀਰਤਨ ਭਾਈ ਕਮਲਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲੋਂ ਕੀਤਾ ਗਿਆ, ਜਿਸ ਨੇ ਪੂਰੇ ਹਾਲ ਨੂੰ ਰਸਨਾ ਭਰਪੂਰ ਕੀਰਤਨ



ਨਾਲ ਮਹਿਕਾ ਦਿੱਤਾ। ਇਸ ਮੌਕੇ ਨਰਸਿੰਗ ਕਾਲਜ ਦੀ ਨਵੇਂ ਨਿਯੁਕਤ ਕੀਤੇ ਡਾਇਰੈਕਟਰ ਡਾ: ਜਸਬੀਰ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਡਾ: ਪ੍ਰਵੀਨ ਸੋਬਤੀ ਦੀ ਯਾਦ ਵਿੱਚ ਲਿਖੀ ਕਿਤਾਬ ਦਾ ਵਿਸ਼ੇਸ਼ ਲਾਂਚ ਕੀਤਾ ਗਿਆ। ਇਸ ਮੌਕੇ ਸੁਕ੍ਰਿਤ ਫਾਊਂਡੇਸ਼ਨ ਵੱਲੋਂ ਆਨਲਾਈਨ ਗੁਰਮਤਿ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਮੁਕਾਬਲੇ ਵਿੱਚ ਪਹਿਲਾ ਇਨਾਮ 11,000 ਰੁਪਏ, ਦੂਜਾ ਇਨਾਮ 5,100 ਰੁਪਏ ਤੀਜਾ ਇਨਾਮ 3,100 ਰੁਪਏ ਅਤੇ 2,100 ਰੁਪਏ ਦਾ ਇੱਕ ਹੌਸਲਾ ਵਧਾਊ ਇਨਾਮ ਜੇਤੂ ਬੱਚਿਆਂ ਨੂੰ ਪ੍ਰਦਾਨ ਕੀਤਾ ਗਿਆ। ਇਸ ਤੋਂ ਇਲ-ਾਵਾ 31ਵੀਂ ਨੈਸ਼ਨਲ ਐਸ.ਐਨ.ਏ. ਬਾਇਐਨੀਅਲ ਕਾਨਫਰੰਸ 2025, ਪੁਣੇ ਵਿੱਚ ਹੋਏ ਅੰਤਰ-ਰਾਜੀ ਮੁਕਾਬਲੇ ਵਿੱਚ ਜੇਤੂ ਰਹੇ ਵਿਦਿਆਰਥੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਤਾਂ ਜੋ ਵਿਦਿਆਰਥੀਆਂ ਵਿੱਚ ਗੁਰਮਤਿ ਸਿੱਖਿਆ ਅਤੇ ਆਤਮਿਕ ਸੰਸਕਾਰਾਂ ਪ੍ਰਤੀ ਰੁਚੀ ਨੂੰ ਹੋਰ ਮਜ਼ਬੂਤੀ ਮਿਲੀ।

ਇਸ ਮੌਕੇ ਹਸਪਤਾਲ /ਕਾਲਜ ਦੀ ਪ੍ਰਬੰਧਕ ਸੁਸਾਇਟੀ ਦੇ ਪ੍ਰਧਾਨ ਸ੍ਰ: ਅਮਰਦੀਪ ਸਿੰਘ ਬਖਸ਼ੀ ਨੇ ਹਸਪਤਾਲ ਵਿੱਚ ਮਰੀਜ਼ਾਂ ਦੀ ਭਲਾਈ ਲਈ ਦਾਨੀ ਸੱਜਣਾਂ ਅਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਹਸਪਤਾਲ ਦੀ ਬਿਹਤਰੀ ਲਈ ਦਾਨੀ ਸੱਜਣਾਂ ਤੋਂ ਆਸ ਪ੍ਰਗਟਾਈ। ਇਸ ਮੌਕੇ ਸੁਸਾਇਟੀ ਦੇ ਉਪ ਪ੍ਰਧਾਨ ਬਲਜੀਤ ਸਿੰਘ ਮੱਕੜ, ਜਨਰਲ ਸਕੱਤਰ ਜੋਗਿੰਦਰ ਸਿੰਘ ਇਰੋਜ਼, ਜਸਮੀਤ ਸਿੰਘ ਬਖਸ਼ੀ, ਭਰਤਵੀਰ ਸਿੰਘ ਸੋਬਤੀ, ਪ੍ਰੋ: ਏ ਐਸ ਦੂਆ, ਨੀਰਜ ਸਤੀਜਾ, ਵਾਈ ਕੇ ਭੂਸ਼ਣ, ਸੁਧੀਰ ਸਹਿਗਲ, ਮਨਿੰਦਰ ਸਿੰਘ ਗੋਗੀਆ ਸਮੇਤ ਸ਼ਹਿਰ ਦੀਆਂ ਅਹਿਮ ਸ਼ਖਸੀਅਤਾਂ ਮੌਜੂਦ ਸਨ। ਇਸ ਮੌਕੇ ਤਜਿੰਦਰ ਸਿੰਘ ਨਿਮਾਣਾ ਭਾਈ ਘਨੱਈਆ ਸੇਵਾ ਸੁਸਾਇਟੀ ਨਾਲ ਜੁੜੇ ਲੋਕਾਂ ਵੱਲੋਂ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਹਸਪਤਾਲ ਦੇ ਡਾਇਰੈਕਟਰ-ਇਨ-ਚੀਫ ਡਾ: ਦਲਜੀਤ ਸਿੰਘ, ਮੈਡੀਕਲ ਸੁਪਰਡੈਂਟ ਡਾ: ਨੀਰਜ ਸਿੰਗਲਾ, ਨਰਸਿੰਗ ਕਾਲਜ ਦੇ ਡਾਇਰੈਕਟਰ ਡਾ: ਜਸਬੀਰ ਕੌਰ, ਵਾਈਸ ਪ੍ਰਿੰਸੀਪਲ ਪ੍ਰੋ: ਅਮਨਦੀਪ ਕੌਰ ਤੋਂ ਇਲਾਵਾ ਹਸਪਤਾਲ ਅਤੇ ਨਰਸਿੰਗ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸਨ ਇਸ ਮੌਕੇ ਨਰਸਿੰਗ ਵਿਦਿਆਰਥੀਆਂ ਵੱਲੋਂ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਅਹਿਮ ਯੋਗਦਾਨ ਦਿੱਤਾ ਗਿਆ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਿੱਖ ਨੈਸ਼ਨਲ ਕਾਲਜ ਬੰਗਾ ਦੀ ਵਿਦਿਆਰਥਣ ਲਵਜੋਤ ਨੇ ਜਿੱਤਿਆ ਕਾਂਸੀ ਤਮਗਾ

**ਬੰਗਾ ( ਚਰਨਜੀਤ ਸ'ੱਲ੍ਹਾਂ)** ਜੈਪੁਰ ਵਿਖੇ ਆਯੋਜਿਤ ਖੇਲੋ ਇੰਡੀਆ ਯੂਨੀਵਰਸਿਟੀ ਖੇਡਾਂ 2025 ਤਹਿਤ ਸਿੱਖ ਨੈਸ਼ਨਲ ਕਾਲਜ ਬੰਗਾ ਦੀ ਵਿਦਿਆਰਥਣ ਲਵਜੋਤ ਕੌਰ (ਬੀਏ ਸਮੈ. ਤੀਜਾ ) ਨੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਪ੍ਰੇਰਨਾ ਸਦਕਾ ਅਤੇ ਐਥਲੈਟਿਕਸ ਕੋਚ ਸ. ਰਣਧੀਰ ਸਿੰਘ ਭੁੱਲਰ ਦੀ ਯੋਗ ਅਗਵਾਈ ਸਦਕਾ ਇਸ ਚੈਂਪੀਅਨਸ਼ਿਪ ਵਿੱਚ 4ਯ100 ਮੀਟਰ (ਸੀਨੀਅਰ ਆਲ ਇੰਡੀਆ ਚੈਂਪਿਅਨਸ਼ਿਪ) ਰਿਲੇਅ ਵਿਚ ਤੀਜਾ ਸਥਾਨ ਹਾਸਲ ਕਰਕੇ ਬ੍ਰਾਉਨ੍ਜ਼ ਮੈਡਲ ਜਿੱਤ ਕੇ ਸੰਸਥਾ ਦੇ ਨਾਲ ਨਾਲ ਆਪਣੇ ਮਾਪਿਆਂ ਦੇ ਮਾਣ ਵਿਚ ਵਾਧਾ ਕੀਤਾ ਹੈ।ਇਸ ਮੌਕੇ ਮੁਬਾਰਕਬਾਦ ਦਿੰਦਿਆਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਲਵਜੋਤ ਕੌਰ ਨੇ ਐਥਲੈਟਿਕਸ ਦੇ ਮੁਕਾਬਲਿਆਂ ਵਿੱਚ ਚਾਹੇ ਉਹ ਕਾਲਜ, ਯੂਨੀਵਰਸਿਟੀ ਜਾਂ ਰਾਜ ਪੱਧਰੀ ਹੋਣ ਹਮੇਸ਼ਾਂ ਬੇਹਤਰੀਨ ਪ੍ਰਦਰਸ਼ਨ ਕਰਕੇ ਜਿੱਥੇ ਆਪਣੀ ਖੇਡ ਨੂੰ ਹੋਰ ਪ੍ਰਫੁੱਲਿਤ ਕੀਤਾ ਹੈ ਓਥੇ ਅਕਾਦਮਿਕ ਖੇਤਰ ਵਿਚ ਵੀ ਆਪਣੀ ਪ੍ਰਤਿਭਾ ਨੂੰ ਨਿਖਾਰਿਆ ਹੈ। ਇਸ ਉਪਲੱਬਧੀ ਲਈ ਲਵਜੋਤ ਕੌਰ ਨੂੰ ਪ੍ਰਿੰਸੀਪਲ ਅਤੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਸਥਾਨਕ ਸਕੱਤਰ ਸ. ਜਰਨੈਲ ਸਿੰਘ ਪੱਲੀਝਿੱਕੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋ. ਪਰਗਣ ਸਿੰਘ,ਐਡਵੋਕੇਟ ਜਸਵੀਰ ਸਿੰਘ ਰਾਏ, ਕਾਲਜ ਦੀ ਫੁੱਟਬਾਲ ਟੀਮ ਦੇ ਕੋਚ ਸ. ਜਸਬੀਰ ਭਾਰਟਾ ਹਾਜ਼ਰ ਸਨ।



## ਅੱਜ ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਦੀਆ ਵੱਲੋਂ ਅਵੈਰਨੈਸ ਮੈਡੀਕਲ ਚੈੱਕਅਪ

### ਕੈਂਪ ਪਿੰਡ ਝੰਡੇਰਾ ਵਿਖੇ ਲਗਾਇਆ ਗਿਆ



**ਬੰਗਾ (ਚਰਨਜੀਤ ਸੱਲ੍ਹਾਂ )** ਅੱਜ ਸ਼੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆਂ ਵੱਲੋਂ ਅਵੈਰਨੈਸ ਮੈਡੀਕਲ ਚੈਕਅੱਪ ਕੈਂਪ ਪਿੰਡ ਝੰਡੇਰ ਕਲਾਂ ਵਿੱਚ ਲਗਾਇਆ ਗਿਆ। ਜਿਸ ਵਿੱਚ ਹਸਪਤਾਲ ਦੇ ਡਾਕਟਰਾਂ ਵੱਲੋਂ ਵੱਖ-ਵੱਖ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ। ਇਸ ਕੈਂਪ ਵਿੱਚ ਅੱਖਾਂ ਨਾਲ ਸੰਬੰਧਿਤ ਮਰੀਜ਼ ਅਤੇ ਦੰਦਾਂ ਦੀਆਂ ਬਿਮਾਰੀਆਂ ਨਾਲ ਸੰਬੰਧਿਤ ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ, ਅਤੇ ਔਰਤ ਰੋਗਾਂ ਬਾਰੇ ਵੀ ਔਰਤਾਂ ਨੂੰ ਜਾਗਰੂਕ ਕੀਤਾ ਗਿਆ, ਅਤੇ ਹਸਪਤਾਲ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਅਤੇ ਸਸਤੇ ਆਪਰੇਸ਼ਨਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਸਮੇਂ ਪਿੰਡ ਦੇ ਮੋਹਤਬਰ ਸਰਪੰਚ ਸ਼੍ਰੀ ਸੁਰਿੰਦਰ ਕੁਮਾਰ ਜੀ, ਲੰਬੜਦਾਰ ਹਰਵਿੰਦਰ ਸਿੰਘ ਜੀ, ਲੰਬੜਦਾਰ ਸ਼੍ਰੀ ਪਿਆਰਾ ਰਾਮ ,ਪੰਚ ਅਜੀਤ ਸਿੰਘ, ਪੰਚ ਇੰਦਰਜੀਤ ਕੌਰ ,ਪੰਚ ਹਰਮੇਸ਼ ਲਾਲ ,ਪੰਚ ਮਨਜੀਤ ਸਿੰਘ ਤੋਂ ਇਲਾਵਾ ਡਾਕਟਰ ਬਲਵੀਰ ਸਿੰਘ ਬੱਲ ਜੀ, ਡਾਕਟਰ ਮੁਕੇਸ਼ ਕੁਮਾਰ ਜੀ, ਡਾਕਟਰ ਵਿਕਰਮਜੀਤ ਸਿੰਘ, ਫਾਰਮਾਸਿਸਟ ਰਾਜਕੁਮਾਰ ਜੀ ਅਤੇ ਸਟਾਫ ਪਰਮਿੰਦਰ ਕੌਰ,ਕਰੀਨਾ, ਜਸਵਿੰਦਰ ਕੌਰ, ਗਗਨਦੀਪ ਕੌਰ, ਮਾਨਸੀ, ਮਨਦੀਪ ਕੌਰ ਅਤੇ ਨਰੇਸ਼ ਕੁਮਾਰ ਹਾਜ਼ਰ ਸਨ।

## ਇਸਤਰੀ ਮੈਂਬਰਾਂ 'ਤੇ ਅਧਾਰਿਤ ਬਣਿਆ ਰੋਟਰੀ ਕਲੱਬ ਲੁਧਿਆਣਾ ਹਾਰਮੋਨੀ ਇੱਕ ਰੋਲ ਮਾਡਲ ਕਲੱਬ: ਸ਼੍ਰੀ ਰੋਹਿਤ ਉਬਰਾਏ





**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਗਾਉਣਾ ਹੀ ਅਸਲ ਮਨੁੱਖੀ ਸੇਵਾ ਹੈ। :ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰੋਟਰੀਅਨ ਸ਼੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ- 3070 ਨੇ ਬੀਤੀ ਸ਼ਾਮ ਪੀ.ਏ.ਯੂ ਦੇ ਫਿਕਿਲਟੀ ਕਲੱਬ ਵਿਖੇ ਰੋਟਰੀ ਕਲੱਬ ਲੁਧਿਆਣਾ ਹਾਰਮੋਨੀ ਦੇ ਵੱਲੋਂ ਆਯੋਜਿਤ ਕੀਤੇ ਗਏ ਵਿਸ਼ੇਸ਼ ਸਨਮਾਨ ਸਮਾਗਮ ਦੌਰਾਨ ਰੋਟਰੀ ਕਲੱਬ ਲੁਧਿਆਣਾ ਹਾਰਮੋਨੀ ਦੇ ਸਮੂਹ ਮੈਂਬਰਾਂ ਤੇ ਲੁਧਿਆਣੇ ਦੇ ਵੱਖ-ਵੱਖ ਰੋਟਰੀ ਕਲੱਬਾਂ ਦੇ ਪ੍ਰਮੁੱਖ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਕਿਹਾ ਕਿ ਸਮੁੱਚੇ ਵਿਸ਼ਵ ਭਰ ਵਿੱਚ ਮਨੁੱਖਤਾ ਦੀ ਸੇਵਾ ਕਰਨ ਤੇ ਸਮਾਜ ਸੇਵੀ ਕਾਰਜਾਂ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਉਣ ਲਈ ਜੋ ਸੇਵਾ ਮੁਹਿੰਮ ਰੋਟਰੀ ਕਲੱਬ ਵੱਲੋਂ ਚਲਾਈ ਜਾ ਰਹੀ ਹੈ। ਉਹ ਆਪਣੇ ਆਪ ਇੱਕ ਮਿਸਾਲੀ ਕਾਰਜ ਹੈ। ਜਿਸ ਦੇ ਲਈ ਮੈਂ ਸਮੂਹ ਰੋਟਰੀਅਨ ਮੈਂਬਰਾਂ ਦਾ ਦਿਲੋਂ ਧੰਨਵਾਦ ਪ੍ਰਗਟ ਕਰਦਾ ਹਾਂ। ਇਸ ਮੌਕੇ ਰੋਟਰੀਅਨ ਸ਼੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ 3070 ਨੇ ਕਿਹਾ ਨਿਰੋਲ ਇਸਤਰੀ ਮੈਂਬਰਾਂ ਤੇ ਅਧਾਰਿਤ ਬਣਿਆ ਰੋਟਰੀ ਕਲੱਬ ਲੁਧਿਆਣਾ ਹਾਰਮੋਨੀ ਆਪਣੇ ਆਪ ਵਿੱਚ ਇੱਕ ਰੋਲ ਮਾਡਲ ਕਲੱਬ ਹੈ । ਜੋ ਕਿ ਕਲੱਬ ਦੀ ਮੌਜੂਦਾ ਪ੍ਰਧਾਨ ਡਾ: ਪਰਮ ਸੈਣੀ ਦੀ ਯੋਗ ਅਗਵਾਈ ਹੇਠ ਰੋਟਰੀ ਕਲੱਬ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਦੇ ਲਈ ਵੱਧ ਤੋਂ ਵੱਧ ਇਸਤਰੀਆਂ ਨੂੰ ਕਲੱਬ ਨਾਲ ਜੋੜਨ ਦਾ ਉਪਰਾਲਾ ਕਰਕੇ ਸੇਵਾ ਕਾਰਜਾਂ ਦੀ ਮੁਹਿੰਮ ਨੂੰ ਹੋਰ ਪ੍ਰਚੰਡ ਕਰ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਰੋਟਰੀ ਕਲੱਬ ਲੁਧਿਆਣਾ ਹਾਰਮੋਨੀ ਦੀ ਸਮੁੱਚੀ ਟੀਮ ਵੱਲੋਂ ਪਿਛਲੇ ਸਮੇਂ ਦੌਰਾਨ ਵਿੱਦਿਆ, ਸਿਹਤ ਅਤੇ ਚੌਗਿਰਦੇ ਦੀ ਸੰਭਾਲ ਪ੍ਰਤੀ ਕੀਤੇ ਗਏ ਸਮੂਹ ਸੇਵਾ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਰੋਟਰੀ ਕਲੱਬ ਲੁਧਿਆਣਾ ਹਾਰਮੋਨੀ ਦੀ ਪ੍ਰਧਾਨ ਡਾ: ਪਰਮ ਸੈਣੀ ਤੇ ਸੈਕਟਰੀ ਡਾ: ਪ੍ਰਗਿਆ ਸ਼ਰਮਾ ਨੇ ਕਲੱਬ ਵੱਲੋਂ ਪਿਛਲੇ ਅਰਸੇ ਦੌਰਾਨ ਕੀਤੇ ਗਏ ਸਮੂਹ ਸਮਾਜ ਸੇਵੀ ਕਾਰਜਾਂ ਦੀ ਰਿਪੋਰਟ ਰੋਟਰੀਅਨ ਸ਼੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ ਦੇ ਸਾਹਮਣੇ ਪੇਸ਼ ਕੀਤੀ। ਸਮਾਗਮ ਦੌਰਾਨ ਰੋਟਰੀ ਕਲੱਬ ਲੁਧਿਆਣਾ ਹਾਰਮੋਨੀ ਦੇ ਨਾਲ ਜੁੜੀਆਂ ਛੇ ਨਵੀਆਂ ਇਸਤਰੀ ਮੈਂਬਰਾਂ ਨੂੰ ਰੋਟਰੀਅਨ ਸ਼੍ਰੀਮਤੀ ਉਬਰਾਏ ਨੇ ਪਿੰਨ ਲਗਾ ਕੇ ਸਨਮਾਨਿਤ ਵੀ ਕੀਤਾ ।ਇਸ ਮੌਕੇ ਕਲੱਬ ਦੀ ਪ੍ਰਧਾਨ ਡਾ: ਪਰਮ ਸੈਣੀ, ਸੈਕਟਰੀ ਡਾ: ਪ੍ਰਗਿਆ ਸ਼ਰਮਾ, ਸੁਨੈਨਾ ਜੈਨ ਦੇ ਵੱਲੋਂ ਰੋਟਰੀਅਨ ਸ਼੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ- 3070 ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ । ਇਸ ਮੌਕੇ ਉਨ੍ਹਾਂ ਦੇ ਨਾਲ ਕਲੱਬ ਦੀਆਂ ਮੈਬਰਾਂ ਮਨਿੰਦਰ ਕੌਰ, ਨਮੀਤਾ ਰਾਜ ਸਿੰਘ, ਮੈਡਮ ਨਿੱਕੀ ਕੋਹਲੀ, ਮੈਡਮ ਮਨੀਸਾ, ਡਾ: ਅੰਜਲੀ ਸ਼ਹ, ਡਾ: ਪਲਵਿੰਦਰ, ਡਾ: ਮਹਿਕ ਬਾਂਸਲ, ਡਾ: ਗੁਰਮੀਤ ਰਤਨ, ਡਾ: ਤੇਜਪ੍ਰੀਤ ਕੰਗ, ਡਾ: ਪਰਮਪਾਲ ਸਹੋਤਾ, ਆਸ਼ੂ ਕਪੂਰ, ਏਕਮਦੀਪ, ਹਰਸ਼ਮੀਤਾ ਤੇ ਰਵਨੀਤ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਕੈਂਟਰ ਨੇ ਪੈਦਲ ਜਾ ਰਹੇ ਨੌਜਵਾਨ ਨੂੰ ਦਰੜਿਆ, ਮੌਕੇ 'ਤੇ ਹੀ ਹੋਈ ਮੌਤ

### ਗੋਦੀ ਚੁੱਕੀ ਪੰਜ ਸਾਲ ਦੀ ਭਾਣਜੀ ਵੀ ਹੋਈ ਗੰਭੀਰ ਰੂਪ 'ਚ ਜਖ਼ਮੀ

**ਫਿਲੌਰ/ਅੱਪਰਾ, (ਦੀਪਾ)**-ਬੀਤੇ ਦਿਨ ਸਥਾਨਕ ਫਿਲੌਰ ਤੋਂ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਮੁੱਖ ਮਾਰਗ 'ਤੇ ਇੱਕ ਤੇਜ਼ ਰਫਤਾਰ ਕੈਂਟਰ ਨੇ ਇੱਕ ਪੈਦਲ ਜਾ ਰਹੇ ਨੌਜਵਾਨ ਨੂੰ ਦਰੜ ਦਿੱਤਾ, ਜਿਸ ਕਾਰਣ ਉਸਦੀ ਮੌਕ 'ਤੇ ਹੀ ਮੌਤ ਹੋ ਗਈ, ਜਦਕਿ ਉਸਦੀ ਗੋਦੀ 'ਚ ਚੁੱਕੀ ਹੋਈ ਪੰਜ ਸਾਲਾਂ ਭਾਣਜੀ ਦਾ ਵਾਲ ਵਾਲ ਬਚਾਅ ਹੋ ਗਿਆ ਙ ਪ੍ਰਾਪਤ ਵੇਰਵਿਆਂ ਅਨੁਸਾਰ ਬੀਤੇ ਦਿਨੀਂ ਇੱਕ ਤੇਜ਼ ਰਫਤਾਰ ਕੈਂਟਰ ਫਿਲੌਰ ਸਾਈਡ ਤੋਂ ਨਵਾਂਸ਼ਹਿਰ ਸਾਈਡ ਨੂੰ ਜਾ ਰਿਹਾ ਸੀ, ਜਿਸ ਨੇ ਸੜਕ ਕਿਨਾਰੇ ਪੈਦਲ ਜਾ ਰਹੇ ਨੌਜਵਾਨ ਪੀਤੂ (22) ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਰਾਏਪੁਰ ਅਰਾਈਆਂ ਨੂੰ ਬੁਰੀ ਤਰਾਂ ਦਰੜ ਦਿੱਤਾ ਙ ਜਿਸ ਕਾਰਣ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ ਙ ਘਟਨਾ ਦੌਰਾਨ ਪੀਤੂ ਦੀ ਗੋਦੀ ਚੁੱਕੀ ਉਸਦੀ ਭਾਣਜੀ ਦੇ ਵੀ ਗੰਭੀਰ ਸੱਟਾਂ ਵੱਜੀਆਂ ਙ ਜਿਸਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਙ ਇਸ ਸੰਬੰਧੀ ਗੱਲਬਾਤ ਕਰਦਿਆਂ ਏ. ਐੱਸ. ਆਈ ਰਜਿੰਦਰ ਸ਼ਰਮਾ ਚੌਂਕੀ ਇੰਚਾਰਜ ਲਸਾੜਾ ਨੇ ਕਿਹਾ ਕਿ ਦੋਵਾਂ ਧਿਰਾਂ ਦਾ ਆਪਸੀ ਰਾਜ਼ੀਨਾਮਾ ਹੋ ਗਿਆ ਹੈ ਙ ਮ੍ਰਿਤਕ ਨੌਜਵਾਨ ਦੇ ਵਾਰਸਾਂ ਦੇ ਬਿਆਨਾਂ ਦੇ ਆਧਾਰ 'ਤੇ 174 ਦੀ ਕਾਰਵਾਈ ਕਰਕੇ ਲਾਸ਼ ਨੂੰ ਵਾਰਸਾਂ ਦੇ ਸਪੁਰਦ ਕਰ ਦਿੱਤਾ ਗਿਆ

# ਦੋ ਦਿਨਾ 16ਵੀਂ ਗਲੋਬਲ ਕਾਰਡੀਓਮਰਸਨ ਕਾਨਫਰੰਸ ਸੰਪੰਨ ਹੋਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਦੋ ਰੋਜ਼ਾ 16ਵੀਂ ਗਲੋਬਲ ਕਾਰਡੀਓਮਰਸਨ ਕਾਨਫਰੰਸ ਐਤਵਾਰ ਨੂੰ ਸਮਾਪਤ ਹੋ ਗਈ। 'ਨਿਊ ਫਰੰਟੀਅਰ ਇਨ ਹਾਰਟ ਐਂਡ ਲੰਗ ਟ੍ਰਾਂਸਪਲਾਂਟ' ਵਿਸ਼ੇ 'ਤੇ ਕਾਨਫਰੰਸ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ 300 ਤੋਂ ਵੱਧ ਕਾਰਡੀਓਲੋਜਿਸਟਾਂ, ਕਾਰਡੀਅਕ ਸਰਜਨਾਂ, ਪਲਮੋਨੋਲੋਜਿਸਟਾਂ ਅਤੇ ਇੰਟੈਂਸਿਵਿਸਟਾਂ ਨੇ ਹਿੱਸਾ ਲਿਆ। ਇਹ ਕਾਨਫਰੰਸ ਸੁਸਾਇਟੀ ਫਾਰ ਹਾਰਟ ਫੇਲੇਅਰ ਐਂਡ ਟ੍ਰਾਂਸਪਲਾਂਟੇਸ਼ਨ (ਐਸਐਚਐਫਟੀ) ਅਤੇ ਇੰਡੀਅਨ ਐਸੋਸੀਏਸ਼ਨ ਆਫ ਕਾਰਡੀਓਵੈਸਕੁਲਰ ਥੋਰਾਸਿਕ ਸਰਜਨਜ਼ (ਆਈਏਸੀਟੀਐਸ) ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਸੀ। ਕਾਨਫਰੰਸ ਵਿੱਚ ਭਾਰਤ, ਅਮਰੀਕਾ ਅਤੇ ਜਾਪਾਨ ਦੇ ਮਾਹਰਾਂ ਨੇ ਅਕਾਦਮਿਕ ਅਦਾਨ-ਪ੍ਰਦਾਨ ਦਾ ਆਦਾਨ-ਪ੍ਰਦਾਨ ਕੀਤਾ। ਕਾਨਫਰੰਸ ਦਾ ਆਯੋਜਨ ਕਰਨ ਵਾਲੇ ਕਾਰਡੀਓਮਰਸਨ ਦੇ ਗਲੋਬਲ ਚੇਅਰਮੈਨ ਡਾ. ਦੀਪਕ



ਪੁਰੀ ਨੇ ਦਿਲ ਦੇ ਦੌਰੇ ਤੋਂ ਬਾਅਦ ਦਿਲ ਦੇ ਫੇਲ੍ਹ ਹੋਣ ਵਾਲੇ ਮਰੀਜ਼ਾਂ ਵਿੱਚ ਆਫ-ਪੰਪ ਪੁਨਰ ਸੁਰਜੀਤੀ ਬਾਰੇ ਗੱਲ ਕੀਤੀ। ਉਨ੍ਹਾਂ ਨੇ ਇਹ ਵੀ ਉਜਾਗਰ ਕੀਤਾ ਕਿ ਦਿਲ ਦੀ ਅਸਫਲਤਾ ਦਾ ਸਭ ਤੋਂ ਆਮ ਕਾਰਨ ਲੱਛਣ ਸ਼ੁਰੂ ਹੋਣ ਤੋਂ ਬਾਅਦ ਨਾਜ਼ੁਕ ਅਵਧੀ ਦੌਰਾਨ ਹਸਪਤਾਲ ਵਿੱਚ ਦੇਰੀ ਹੈ, ਜਿਸ ਨਾਲ ਅਟੱਲ ਮਾਇਓਕਾਰਡੀਅਲ ਨੁਕਸਾਨ ਅਤੇ ਉੱਚ ਮੌਤ ਦਰ ਹੁੰਦੀ ਹੈ। "ਉੱਚ ਜੋਖਮ ਵਾਲੇ ਮਰੀਜ਼ਾਂ 'ਤੇ ਕੰਮ ਕਰਨ ਦੇ ਢਾਈ ਦਹਾਕਿਆਂ ਤੋਂ ਵੱਧ ਦੇ ਤਜ਼ਰਬੇ ਦੇ ਅਧਾਰ ਤੇ, ਉਸਨੇ ਨਤੀਜਿਆਂ ਵਿੱਚ ਦਹਾਕਿਆਂ ਦੇ ਸੁਧਾਰ ਦੀ ਤੁਲਨਾ ਕੀਤੀ ਅਤੇ ਅਨੁਕੂਲ ਮੈਡੀਕਲ ਥੈਰੇਪੀ, ਦਿਲ ਦੀ ਧੜਕਣ 'ਤੇ ਸਮੇਂ ਸਿਰ ਸੰਪੂਰਨ ਪੁਨਰ ਸੁਰਜੀਤੀ, ਸਾਵਧਾਨੀ ਨਾਲ ਪੋਸਟ-ਓਪਰੇਟਿਵ ਦੇਖਭਾਲ ਅਤੇ ਢਾਂਚਾਗਤ ਲੰਬੇ ਸਮੇਂ ਦੀ ਪਾਲਣਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਕਾਰਡੀਓਮਰਸਨ ਇੱਕ ਅੰਤਰਰਾਸ਼ਟਰੀ ਗਰੁੱਪ ਹੈ ਜਿਸਨੂੰ ਦਿਲ ਦੀ ਵਿਸਤਰਿਤ ਸੰਭਾਲ ਲਈ ਇੱਕ ਏਕੀਕਿਰਤ ਪਹੁੰਚ ਨੂੰ ਉਤਸ਼ਾਹਤ ਕਰਨ ਲਈ 2011 ਵਿੱਚ ਸ਼ੁਰੂ ਕੀਤਾ ਗਿਆ ਸੀ। ਗਰੁੱਪ ਦਾ ਮੁੱਢਲਾ ਉਦੇਸ਼ ਦਿਲ ਅਤੇ ਹੋਰ ਜੀਵਨ ਸ਼ੈਲੀ ਦੀਆਂ ਬਿਮਾਰੀਆਂ ਦੇ ਵਿਆਪਕ ਪ੍ਰਬੰਧਨ ਬਾਰੇ ਜਾਗਰੂਕਤਾ ਫੈਲਾਉਣਾ ਹੈ। ਐੱਸਐੱਚਐੱਫਟੀ ਦੇ ਚੇਅਰਮੈਨ ਡਾ. ਜਾਬੀਰ ਅਤੇ ਆਈਏਸੀਟੀਐੱਸ ਦੇ ਪ੍ਰਧਾਨ ਡਾ. ਮਨੋਜ ਦੁਰੈਰਾਜ ਨੇ ਵੀ ਸੰਮੇਲਨ ਵਿੱਚ ਹਿੱਸਾ ਲਿਆ। ਕਾਨਫਰੰਸ ਦੇ ਦੂਜੇ ਦਿਨ ਵਿਦਿਅਕ ਪ੍ਰੋਗਰਾਮ ਦੀ ਸ਼ੁਰੂਆਤ ਕਾਰਡੀਓਜੈਨਿਕ ਸਦਮੇ 'ਤੇ ਕੇਂਦ੍ਰਿਤ ਸੈਸ਼ਨ ਨਾਲ ਹੋਈ। ਸੈਸ਼ਨ ਦਾ ਸੰਚਾਲਨ ਡਾ. ਜੈਕਬ ਅਬ੍ਰਾਹਮ ਅਤੇ ਡਾ. ਨਵੀਨ ਅਗਰਵਾਲ ਨੇ ਕੀਤਾ।

# ਗੁਰੂਦੁਆਰਾ ਮਾਛੀਵਾੜਾ ਸਾਹਿਬ ਤੇ ਗੁਰੂਦੁਆਰਾ ਫਤਿਹਗੜ੍ਹ ਸਾਹਿਬ ਦੇ ਦਰਸ਼ਨਾਂ ਲਈ ਅੱਪਰਾ ਤੋਂ ਸੰਗਤਾਂ ਦਾ ਜੱਥਾ ਰਵਾਨਾ



**ਫਿਲੌਰ/ਅੱਪਰਾ, (ਦੀਪਾ)**-ਗੁਰੂਦੁਆਰਾ ਮਾਛੀਵਾੜਾ ਸਾਹਿਬ ਤੇ ਗੁਰੂਦੁਆਰਾ ਫਤਿਹਗੜ੍ਹ ਸਾਹਿਬ ਦੇ ਦਰਸ਼ਨਾਂ ਲਈ ਗੁਰੂਦੁਆਰਾ ਕਲਗੀਧਰ ਸਾਹਿਬ ਅੱਪਰਾ ਤੋਂ 100 ਦੇ ਕਰੀਬ ਸੰਗਤਾਂ ਦਾ ਜੱਥਾ ਦੋ ਬੱਸਾਂ ਰਾਹੀਂ ਜੈਕਾਰੇ ਛੱਡਦਾ ਰਵਾਨਾ ਹਇਆ ਙ ਇਹ ਸੰਗਤਾਂ ਪਿੰਡ ਅੱਪਰਾ, ਮੋਂਰੋਂ, ਤਾਹਰਪੁਰ, ਤੂਰਾਂ ਤੇ ਇਲ-'ਕੇ ਦੇ ਹੋਰ ਪਿੰਡਾਂ ਨਾਲ ਸੰਬੰਧਤ ਸਨ ਙ ਇਸ ਮੌਕੇ ਸੰਗਤਾਂ ਨੇ ਗੁਰੂਦੁਾਰਾ ਚਰਨ ਕੰਵਲ ਸਾਹਿਬ ਮਾਛੀਵਾੜਾ, ਗੁਰੂਦੁਆਰਾ ਫਤਿਹਗੜ੍ਹਸਾਹਿਬ, ਗੁਰੂਦੁਆਰਾ ਠੰਡਾ ਬੁਰਜ ਸਾਹਿਬ, ਗੁਰੂਦੁਆਰਾ ਬਾਬਾ ਮੋਤੀ ਰਾਮ ਮਹਿਰਾ ਜੀ, ਗੁਰੂਦੁਆਰਾ ਜੋਤੀ ਸਰੂਪ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ ਙ ਇਸ ਮੌਕੇ ਪ੍ਰਧਾਨ ਮੱਖਣ ਸਿੰਘ,ਬਲਜੀਤ ਸਿੰਘ, ਕਥਾਵਾਚਕ ਦਲਵਿੰਦਰ ਸਿੰਘ ਅੱਪਰਾ, ਗੁਰਪ੍ਰੀਤ ਸਿੰਘ (ਜਿੰਦਰ ਸਟੂਡੀਓ), ਦਲਜੀਤ ਸਿੰਘ ਕਾਕਾ ਅੱਪਰਾ, ਜਤਿੰਦਰ ਸਿੰਘ ਜਗਪਾਲ ਬੱਸ ਵਾਲੇ ਤੇ ਸਮੂਹ ਸੰਗਤਾਂ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਨਸ਼ਿਆਂ ਖ਼ਿਲਾਫ਼ ਕਰਵਾਏ ਜਾਗਰੂਕਤਾ ਸੈਮੀਨਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਨੀਰਜ ਗੋਇਲ ਦੀ ਅਗਵਾਈ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜਨਾਂ ਦੇ ਵੱਖ-ਵੱਖ ਪਿੰਡਾ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਦੇ ਮਨੋਰਥ ਨਾਲ ਜਾਗਰੂਕਤਾ ਸੈਮੀਨਾਰ ਗਏ। ਇਸ ਮੌਕੇ ਪੈਨਲ ਐਡਵੋਕੇਟ ਅਸ਼ੀਸ਼ ਜੋਤੀ, ਰੀਟੇਨਰ ਐਡਵੋਕੇਟ ਸਰਿਤਾ ਕਨਵਰ, ਪੈਨਲ ਐਡਵੋਕੇਟ ਬਰਜਿੰਦਰ ਸਿੰਘ, ਚੀਫ ਲੀਗਲ ਏਡ ਡਿਫੈਂਸ ਕੌਂਸਲ ਵਿਸ਼ਾਲ ਕੁਮਾਰ ਅਤੇ ਡਿਪਟੀ ਚੀਫ ਲੀਗਲ ਏਡ



ਡਿਫੈਂਸ ਕੌਂਸਲ ਹੁਸ਼ਿਆਰਪੁਰ ਸੰਦੀਪ ਵੱਲੋ ਜਾਗਰੂਕਤਾ ਸੈਮੀਨਾਰਾਂ ਦੀ ਪ੍ਰਧਾਨਗੀ ਕੀਤੀ ਗਈ। ਸੈਮੀਨਾਰਾਂ ਦੌਰਾਨ ਨੌਜਵਾਨਾਂ ਅਤੇ ਭਾਈਚਾਰੇ ਨੂੰ ਇਸ ਮੁਹਿੰਮ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿਚ ਨਸ਼ੇ ਨੂੰ ਤਿਆਗ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਚੰਗੇ ਸਮਾਜ ਦੀ ਸਿਰ-ਜਣਾ ਕੀਤੀ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਇਸ ਦੌਰਾਨ ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ- ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ 'ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ ਐਕਟ ਦੇ ਕਾਨੂੰਨੀ ਉਪਬੰਦਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਅਖ਼ੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

# ਤਾਰੀ ਅਟਵਾਲ (ਯੂ.ਕੇ.) ਵੱਲੋਂ ਹਾਲ 'ਚ ਲਿਫ਼ਟ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਸਹਾਇਤਾ ਭੇਂਟ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਆਈ.ਡਬਲੀਯੂ.ਏ. (ਗ੍ਰੇਟ ਬ੍ਰਿਟੇਨ), ਸ਼ਹੀਦ ਊਧਮ ਸਿੰਘ ਸੈਂਟਰ ਬਰਮਿੰਘਮ ਅਤੇ ਹੋਰ ਲੋਕ-ਪੱਖੀ ਸੰਸਥਾਵਾਂ ਨਾਲ ਲੰਮੇ ਅਰਸੇ ਤੋਂ ਜੁੜੇ ਅਤੇ ਸਮੇਂ-ਸਮੇਂ ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆਂ, ਮੇਲਾ ਗ਼ਦਰੀ ਬਾਬਿਆਂ ਦਾ ਨਾ਼ਲ ਜੁੜਕੇ ਰਹਿਣ ਅਤੇ ਆਰਥਕ ਸਹਾਇਤਾ ਕਰਨ ਵਾਲੇ ਸਾਥੀ ਅਵਤਾਰ ਸਿੰਘ ਤਾਰੀ (ਤਾਰੀ ਅਟਵਾਲ ਕਰਕੇ ਜਾਣੇ ਜਾਂਦੇ) ਵੱਲੋਂ ਅੱਜ ਜਾਤੀ ਤੌਰ 'ਤੇ 5 ਲੱਖ ਰੁਪਏ ਦਾ ਚੈੱਕ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਹਾਲ ਅੰਦਰ ਲਿਫ਼ਟ ਲਾਉਣ ਲਈ ਬਰਮਿੰਘਮ (ਯੂ.ਕੇ.) ਤੋਂ ਆਏ ਕੁਲਵੰਤ ਸਿੰਘ ਕਮਲ (ਵਾਸੀ ਮਾਓ ਸਾਹਿਬ) ਰਾਹੀਂ ਭੇਂਟ ਕੀਤਾ। ਇਸ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ




ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਮੇਟੀ ਦੀ ਤਰਫ਼ੋਂ ਅਵਤਾਰ ਤਾਰੀ ਦਾ ਦਿਲੋਂ ਧੰਨਵਾਦ ਕੀਤਾ। ਚੈੱਕ ਪ੍ਰਾਪਤ ਕਰਦੇ ਸਮੇਂ ਹਾਜ਼ਰ ਸਮੂਹ ਕਮੇਟੀ ਮੈਂਬਰਾਂ ਨੇ ਤਾਰੀ ਅਟਵਾਲ ਨੂੰ ਨਿੱਘੀ ਮੁਹੱਬਤ ਭਰਿਆ ਸੁਨੇਹਾ ਕੁਲਵੰਤ ਕਮਲ ਦੇ ਹੱਥ ਭੇਜਦੇ ਹੋਏ ਮਾਣ ਮਹਿਸੂਸ ਕੀਤਾ ਕਿ ਉਹਨਾਂ ਦੀ ਇਹ ਅਮੁੱਲੀ ਦੇਣ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹੋਣ ਵਾਲੀਆਂ ਸਰਗਰਮੀਆਂ ਲਈ ਸਹਾਈ ਹੋਏਗੀ। ਕਮੇਟੀ ਨੇ ਕਿਹਾ ਕਿ ਆਪਣੀ ਮਹਾਨ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਅਤੇ ਇਸ ਦੀਆਂ ਸਰਗਰਮੀਆਂ ਨੂੰ ਸਹਾਈ ਹੋਣ ਲਈ ਅਜੇਹੇ ਉੱਦਮ ਕਰਨ 'ਤੇ ਕਮੇਟੀ ਨੂੰ ਅਥਾਹ ਮਾਣ ਹੈ। ਕੁਲਵੰਤ ਕਮਲ ਨੇ ਦੱਸਿਆ ਕਿ ਤਾਰੀ ਅਟਵਾਲ ਨੇ ਇਹ ਸੁਨੇਹਾ ਵੀ ਭੇਜਿਆ ਹੈ ਕਿ ਉਹ ਭਵਿੱਖ਼ ਵਿੱਚ ਹੋਰ ਸਹਾਇਤਾ ਵੀ ਕਰਨਗੇ। ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਡਾ. ਗੋਪਾਲ ਸਿੰਘ ਬੁੱਟਰ, ਕਮੇਟੀ ਮੈਂਬਰ ਅਮੋਲਕ ਸਿੰਘ, ਚਰੰਜੀ ਲਾਲ ਕੰਗਣੀਵਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਜਮੇਰ ਸਿੰਘ ਅਤੇ ਸੁਰਿੰਦਰ ਕੁਮਾਰੀ ਕੋਛੜ ਵੀ ਹਾਜ਼ਰ ਸਨ।

# ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵਲੋਂ ਸਰਸਵਤੀ ਪਬਲਿਕ ਸਕੂਲ ਵਿੱਚ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਲਗਾਇਆ ਗਿਆ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇਲ-ਾਕੇ ਦੇ ਪ੍ਰਸਿੱਧ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵਲੋਂ ਬੱਚਿਆਂ ਲਈ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਸਰਸਵਤੀ ਪਬਲਿਕ ਸਕੂਲ ਬਲਾਚੌਰ ਵਿੱਚ ਲਗਾਇਆ ਗਿਆ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਰੀ ਹਸਪਤਾਲ ਬਲਾਚੌਰ ਦੇ ਮਾਲਕ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਅਤੇ ਡਾਕਟਰ ਅਮਨਦੀਪ ਕੌਰ ਸੂਰੀ ਨੇ ਦੱਸਿਆਂ ਕਿ ਉਨਾਂ ਦੇ ਹਸਪਤਾਲ ਦੇ ਮਾਹਰ ਡਾਕਟਰਾਂ ਦੀ ਟੀਮ ਵਲੋਂ ਬੀਤੇ ਦਿਨ ਸਕੂਲੀ ਬੱਚਿਆਂ ਦੀਆਂ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਸਰਸਵਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਲਾਚੌਰ ਵਿਖੇ ਲਗਾਇਆ ਗਿਆ ਜਿਸ ਵਿੱਚ ਲੱਗਭਗ 600 ਤੋਂ ਵੀ ਵੱਧ ਬੱਚਿਆਂ ਨੇ ਇਸ ਕੈਂਪ ਦਾ ਲਾਭ ਲਿਆ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਬੱਚਿਆਂ ਦੀਆਂ ਅੱਖਾਂ ਦਾ ਮੁਫਤ ਚੈੱਕ ਅਪ ਕਰਕੇ ਉਹਨਾਂ ਨੂੰ ਮੁਫਤ ਦਵਾਈਆਂ ਅਤੇ ਜਰੂਰਤ ਮੁਤਾਬਿਕ ਐਨਕਾਂ ਵੀ ਦਿੱਤੀਆਂ ਗਈਆਂ। ਸਕੂਲ ਦੇ ਚੇਅਰਮੈਨ ਰਵੀ ਬਜਾਜ ਨੇ ਸੂਰੀ ਹਸਪਤਾਲ ਦੇ ਮਾਲਿਕ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਅਤੇ ਡਾਕਟਰ ਅਮਨਦੀਪ ਕੌਰ ਸੂਰੀ



ਅਤੇ ਹਸਪਤਾਲ ਦੀ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਗਰੀਬਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਸੂਰੀ ਹਸਪਤਾਲ ਵਲੋਂ ਬੱਚਿਆਂ ਲਈ ਇਹ ਇਕ ਨਿਵੇਕਲਾ ਉਪਰਾਲਾ ਕੀਤਾ ਗਿਆ ਜਿਸ ਦਾ ਸਕੂਲ ਦੇ ਵਿਦਿਆਰਥੀਆਂ ਨੇ ਭਰਪੂਰ ਲਾਭ ਲਿਆ। ਉਨ੍ਹਾਂ ਦਸਿਆ ਕਿ ਸੂਰੀ ਹਸਪਤਾਲ ਵਲੋਂ ਸਮੇਂ ਸਮੇਂ ਤੇ ਲਗਾਏ ਜਾਂਦੇ ਇਨ੍ਹਾਂ ਕੈਂਪਾਂ ਦਾ ਲੋਕ ਭਰਪੂਰ ਲਾਭ ਲੈਂਦੇ ਹਨ। ਇਸ ਮੌਕੇ ਤੇ ਡਾ ਭੁਪਿੰਦਰਜੀਤ ਸਿੰਘ ਸੂਰੀ ਨੇ ਕਿਹਾ ਕਿ ਬਚੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਲਈ ਅਜਿਹੇ ਹੋਰ ਵੀ ਕੈਂਪ ਅੱਗੇ ਆਉਣ ਵਾਲੇ ਸਮੇਂ ਵਿਚ ਵੀ ਲਗਾਏ ਜਾਂਦੇ ਰਹਿਣਗੇ।

# ਮਨਰੇਗਾ ਰੁਜ਼ਗਾਰ ਸਬੰਧੀ ਕਮਿਸ਼ਨਰ ਮਨਰੇਗਾ ਪੰਜਾਬ ਨੇ ਜ਼ਿਲ੍ਹੇ ਦੇ ਲੋਕਪਾਲ ਤੋਂ ਮੰਗੀ ਰਿਪੋਰਟ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਮਨਰੇਗਾ (ਪੂਜਯ ਬਾਪੂ ਗ੍ਰਾਮੀਣ ਰੋਜ਼ਗਾਰ ਯੋਜਨਾ) ਦੇ ਰੁਜ਼ਗਾਰ ਨੂੰ ਲੈ ਕੇ ਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਐੱਨ ਐੱਲ ਓ) ਦੀ ਮੰਗ ਤੇ ਸੰਯੁਕਤ ਵਿਕਾਸ ਕ ਮਿ ਸ਼ ਨ ਰ - ਕ ਮ - ਕਮਿਸ਼ਨਰ ਮਨਰੇਗਾ ਪੰਜਾਬ ਵੱਲੋਂ ਓਬਡਸਮੈਨ (ਲੋਕਪਾਲ) ਮਨਰੇਗਾ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਵਿ)-ਕਮ-ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਮਨਰੇਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ 10 ਦਿਨ ਦੇ ਅੰਦਰ ਅੰਦਰ ਨਿਯਮਾਂ ਰੂਲਾਂ ਤਹਿਤ ਰਿਪੋਰਟ ਭੇਜਣ ਲਈ ਆਦੇਸ਼ ਜਾਰੀ ਕੀਤੇ ਗਏ ਹਨ। ਸਟੇਟ ਪ੍ਰੋਜੈਕਟ ਹੈੱਡ ਮਨਰੇਗਾ ਰਾਹੀਂ ਜਾਰੀ ਕੀਤੇ ਗਏ ਇਨ੍ਹਾਂ ਆਦੇਸ਼ਾਂ ਵਿੱਚ ਇਸ ਰਿਪੋਰਟ ਦੀ ਇੱਕ



ਕਾਪੀ ਮਜ਼ਦੂਰਾਂ ਦੀ ਅਗਵਾਈ ਕਰਦੀ ਇਸ ਔਰਗੇਨਾਈਜੇਸ਼ਨ ਦੇ ਕਨਵੀਨਰ ਬਲਦੇਵ ਭਾਰਤੀ ਨੂੰ ਵੀ ਸਿੱਧੇ ਤੌਰ ਤੇ ਭੇਜੇ ਜਾਣ ਲਈ ਕਿਹਾ ਗਿਆ ਹੈ। ਵਰਨਣਯੋਗ ਹੈ ਕਿ ਐੱਨ ਐੱਲ ਓ ਵੱਲੋਂ ਜ਼ਿਲ੍ਹੇ ਦੇ ਬਲਾਕ ਔੜ, ਬੰਗਾ ਅਤੇ ਨਵਾਂਸਹਿਰ ਦੇ ਪਿੰਡਾਂ ਸਕੋਹਪੁਰ, ਕਮਾਮ, ਪਠਲਾਵਾ, ਮਾਂਗਟ ਡੀਂਗਰੀਆਂ, ਮੂਸਾਪੁਰ, ਉਸਮਾਨਪੁਰ, ਸੋਇਤਾ, ਮਜਾਰਾ ਖੁਰਦ, ਪੱਲੀਆਂ ਖੁਰਦ, ਕਰਿਆਮ ਅਤੇ ਕਰੀਹਾ ਆਦਿ ਵਿੱਚ ਬੇਰੁਜ਼ਗਾਰ ਬੈਠੇ ਮਨਰੇਗਾ ਮਜ਼ਦੂਰਾਂ ਨੂੰ ਲਾਮਬੰਦ ਕਰਦਿਆਂ ਰੁਜ਼ਗਾਰ ਦੀ ਮੰਗ ਲਈ ਅਰਜ਼ੀਆਂ ਭੇਜੀਆਂ ਗਈਆਂ ਹਨ। ਪਰ ਇਨ੍ਹਾਂ ਮਜ਼ਦੂਰਾਂ ਨੂੰ ਢੁੱਕਵੇਂ ਸਮੇਂ ਦੇ ਅੰਦਰ ਰੁਜ਼ਗਾਰ ਨਹੀਂ ਮਿਲਿਆ ਅਤੇ ਮਜ਼ਦੂਰਾਂ ਵੱਲੋਂ ਰੁਜ਼ਗਾਰ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇਣ ਲਈ ਵੀ ਅਰਜ਼ੀਆਂ ਦਿੱਤੀਆਂ ਗਈਆਂ ਹਨ।ਇਹ ਜਾਣਕਾਰੀ ਦਿੰਦਿਆਂ ਐੱਨ ਐੱਲ ਓ ਮੁਖੀ ਬਲਦੇਵ ਭਾਰਤੀ ਨੇ ਦੱਸਿਆ ਕਿ ਮਨਰੇਗਾ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਬਣੇ ਮਜ਼ਦੂਰਾਂ ਦੇ ਸਮੁੱਚੇ ਹਾਲਾਤਾਂ ਨੂੰ ਲੈ ਕੇ ਜੱਥੇਬੰਦੀ ਵੱਲੋਂ ਅਗਲੇ ਸੰਘਰਸ਼ ਦੀ ਰੂਪ ਰੇਖਾ ਵੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸੰਘਰਸ਼ ਵਿੱਚ 4 ਜਨਵਰੀ 2026 ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਸੰਗਰੂਰ ਦਾ ਘਿਰਾਓ ਦਾ ਪ੍ਰੋਗਰਾਮ ਵੀ ਸ਼ਾਮਲ ਹੈ।

# ਗੋ-ਸੋਲਰ ਮੁਹਿੰਮ 'ਚ ਹੁਸ਼ਿਆਰਪੁਰ ਬਣਿਆ ਮੋਹਰੀ - ਡੀ.ਸੀ ਆਸ਼ਿਕਾ ਜੈਨ

## ਗੋ-ਸੋਲਰ ਪ੍ਰੋਜੈਕਟ ਨੂੰ ਕਾਮਨ ਸਰਵਿਸ ਸੈਂਟਰ ਨਾਲ ਜੋੜਨ ਵਾਲਾ ਪਹਿਲਾ ਜ਼ਿਲ੍ਹਾ ਬਣਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਹੁਸ਼ਿਆਰਪੁਰ ਜ਼ਿਲ੍ਹੇ ਨੇ ਨਵਿਆਉਣਯੋਗ ਊਰਜਾ ਨੂੰ ਉਤਸ਼ਾਹਿਤ ਕਰਨ ਲਈ ਇਕ ਮਹੱਤਵਪੂਰਨ ਪਹਿਲਕਦਮੀ ਕੀਤੀ ਹੈ। ਇਸ ਨੇ ਗੋ-ਸੋਲਰ ਪ੍ਰੋਜੈਕਟ ਨੂੰ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ) ਨਾਲ ਜੋੜ ਕੇ ਸੂਬੇ ਭਰ ਵਿੱਚ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਇਸ ਕਦਮ ਨਾਲ ਹੁਸ਼ਿਆਰਪੁਰ ਸੂਬੇ ਦਾ ਪਹਿਲਾ ਜ਼ਿਲ੍ਹਾ ਬਣ ਗਿਆ ਹੈ, ਜਿਸ ਨੇ ਸੋਲਰ ਛੱਤਾਂ ਦੀ ਸਥਾਪਨਾ ਮੁਹਿੰਮ ਨੂੰ ਸੀ.ਐਸ.ਸੀ ਨੈੱਟਵਰਕ ਨਾਲ ਜੋੜਿਆ ਹੈ, ਜਿਸ ਨਾਲ ਇਸ ਮਿਸ਼ਨ ਨੂੰ ਨਾ ਸਿਰਫ਼ ਸ਼ਹਿਰ ਵਿੱਚ ਸਗੋਂ ਹਰੇਕ ਪਿੰਡ ਵਿੱਚ ਫ਼ੈਲਾਉਣ ਵਿੱਚ ਮਦਦ ਮਿਲੀ ਹੈ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰੈੱਡ ਕਰਾਸ ਸੋਸਾਇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਸਾਂਝੇ ਤੌਰ 'ਤੇ ਵਿਕਸਿਤ ਕੀਤੇ ਗਏ ਗੋ-ਸੋਲਰ ਮੋਬਾਈਲ ਐਪ ਨੂੰ ਸੀ.ਐਸ.ਸੀ ਨਾਲ ਜੋੜਨ ਦੀ ਰਸਮੀ ਸ਼ੁਰੂਆਤ ਕਰਨ ਅਤੇ ਵੀ.ਐਲ.ਸੀਜ਼ ਲਈ ਇਕ ਵਿਸ਼ੇਸ਼ ਵਰਕਸ਼ਾਪ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ



ਹੁਸ਼ਿਆਰਪੁਰ, ਸੂਰਜੀ ਛੱਤਾਂ 'ਤੇ ਇੰਸਟਾਲੇਸ਼ਨ ਦੇ ਮਾਮਲੇ ਵਿੱਚ ਪੰਜਾਬ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਜ਼ਿਲ੍ਹਾ ਹੈ, ਜੋ ਕਿ ਨਵਿਆਉਣਯੋਗ ਊਰਜਾ ਪ੍ਰਤੀ ਜ਼ਿਲ੍ਹੇ ਦੀ ਜਾਗਰੂਕਤਾ ਅਤੇ ਉਤਸ਼ਾਹ ਦਾ ਪ੍ਰਮਾਣ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਸੇਵਾ ਹੁਣ ਸੀ.ਐਸ.ਸੀਜ਼ ਰਾਹੀਂ ਲੋਕਾਂ ਤੱਕ ਸਿੱਧੇ ਉਨ੍ਹਾਂ ਦੇ ਦਰਵਾਜ਼ੇ 'ਤੇ ਪਹੁੰਚੇਗੀ, ਜਿਸ ਨਾਲ ਸੂਰਜੀ ਇੰਸਟਾਲੇਸ਼ਨ ਪ੍ਰਕਿਰਿਆ ਹੋਰ ਵੀ ਸਰਲ, ਤੇਜ਼ ਅਤੇ ਪਾਰਦਰਸ਼ੀ ਹੋ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਐਪਲੀਕੇਸ਼ਨ ਵੀ.ਐਲ.ਸੀਜ਼ ਰਾਹੀਂ ਦਿਲਚਸਪੀ ਰੱਖਣ ਵਾਲੇ ਖਪਤਕਾਰਾਂ ਤੋਂ ਜਾਣਕਾਰੀ ਇਕੱਠੀ ਕਰੇਗੀ, ਜਿਸ ਵਿੱਚ ਵਿਕਰੇਤਾ ਦੇ ਵੇਰਵੇ, ਘੱਟ ਵਿਆਜ਼ ਵਾਲੇ ਕਰਜ਼ੇ ਦੇ ਬਦਲ ਅਤੇ ਇੰਸਟਾਲੇਸ਼ਨ ਨਾਲ ਸਬੰਧਤ ਤਕਨੀਕੀ ਜਾਣਕਾਰੀ ਸ਼ਾਮਿਲ ਹੈ। ਅਰਜ਼ੀ ਜਮ੍ਹਾ ਕਰਵਾਉਣ 'ਤੇ, ਸਬੰਧਤ ਵਿਕਰੇਤਾ ਖਪਤਕਾਰ ਨਾਲ ਸੰਪਰਕ ਕਰੇਗਾ ਅਤੇ ਸੂਰਜੀ ਸਿਸਟਮ ਲਈ ਇੰਸਟਾਲੇਸ਼ਨ ਪ੍ਰਕਿਰਿਆ ਸ਼ੁਰੂ ਕਰੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਐਪ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਸਾਰੀਆਂ ਸੇਵਾਵਾਂ ਪ੍ਰਦਾਨ ਕਰੇਗਾ, ਜਦੋਂ ਕਿ ਸੀ.ਐਸ.ਸੀ ਆਪਰੇਟਰਾਂ ਨੂੰ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਪ੍ਰਤੀ ਅਰਜ਼ੀ ਅਤੇ ਇੰਸਟਾਲੇਸ਼ਨ ਲਈ ਪ੍ਰੋਤਸਾਹਨ ਵੀ ਪ੍ਰਾਪਤ ਹੋਣਗੇ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਵੱਖ-ਵੱਖ ਸੂਰਜੀ ਸਿਸਟਮ ਸਮਰੱਥਾਵਾਂ ਲਈ ਭਾਰੀ ਸਬਸਿਡੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 1 ਤੋਂ 2 ਕਿਲੋਵਾਟ ਸਿਸਟਮ ਲਈ ₹30,000 ਤੋਂ ₹60,000 ਤੱਕ, 2 ਤੋਂ 3 ਕਿਲੋਵਾਟ ਸਿਸਟਮ ਲਈ ₹60,000 ਤੋਂ ₹78,000 ਤੱਕ ਅਤੇ 3 ਕਿਲੋਵਾਟ ਤੋਂ ਵੱਧ ਸਮਰੱਥਾ ਵਾਲੇ ਸਿਸਟਮਾਂ ਲਈ ₹78,000 ਤੱਕ ਸਬਸਿਡੀ ਦਿੱਤੀ ਜਾ ਰਹੀ ਹੈ।

# ਬਰਫ਼ਾਨੀ ਤੂਫ਼ਾਨ ਵੀ ਨਹੀਂ ਰੋਕ ਸਕਿਆ ਸ਼ਾਇਰਾਂ ਦੇ ਕਦਮ,ਪੰਜਾਬੀ ਕਲਮ ਕੇਂਦਰ ਮੌਂਟਰੀਅਲ ਵੱਲੋਂ ਕਰਵਾਇਆ ਗਿਆ ਕਾਵਿ ਸਮਾਗਮ ਯਾਦਗਾਰੀ ਹੋ ਨਿਬੜਿਆ....

**(ਮੌਂਟਰੀਅਲ )** ਪਿਛਲੇ ਦਿਨੀਂ ਪੰਜਾਬੀ ਕਲਮ ਕੇਂਦਰ ਮੌਂਟਰੀਅਲ ਵੱਲੋ ਪੰਜਾਬ ਤੋਂ ਆਏ ਕਵੀ ਅਮਰਜੀਤ ਸਿੰਘ ਜੀਤ ਗ਼ਜ਼ਲਗੋ ਦੇ ਮਾਣ ਵਿੱਚ ਇਕ ਕਵੀ ਦਰਬਾਰ ਕਰਵਾਇਆ ਗਿਆ । ਕਵੀ ਦਰਬਾਰ ਦਾ ਅਗਾਜ਼ ਸ਼ਾਇਰ ਅਮਰਜੀਤ ਸਿੰਘ ਜੀਤ ਵੱਲੋਂ ਸ਼ਮਾ ਰੋਸ਼ਨ ਕਰਨ ਨਾਲ ਹੋਇਆ। ਸ਼ਮਾਂ ਰੋਸ਼ਨ ਹੋਣ ਉਪਰੰਤ ਸ਼ਾਇਰ ਮੋਹਣਪ੍ਰੀਤ ਸਿੰਘ ਪੱਤੜ ਨੇ ਮੰਚ ਦੀ ਜਿੰਮੇਵਾਰੀ ਸੰਭਾਲ਼ਦਿਆਂ ਕਵੀ ਹਰਜਿੰਦਰ ਸਿੰਘ ਪੱਤੜ ਨੂੰ ਮੰਚ ਤੇ ਬੁਲਾਇਆ, ਉਨ੍ਹਾਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸਜਦਾ ਕਰਦਿਆਂ ਗੁਰੂ ਸਾਹਿਬ ਦੀ ਸ਼ਹੀਦੀ ਬਾਬਤ ਇੱਕ ਭਾਵਪੂਰਤ ਲੰਬੀ ਕਵਿਤਾ ਸਰੋਤਿਆਂ ਨਾਲ਼ ਸਾਂਝੀ ਕੀਤੀ। ਫਿਰ ਲੇਖਕ



ਸੁਖਵਿੰਦਰ ਜੂਤਲਾ ਨੇ ਆਪਣੀ ਕਵਿਤਾ ਪੜ੍ਹੀ ਇਸ ਦੇ ਨਾਲ਼ ਹੀ ਮੋਹਣਪ੍ਰੀਤ ਪੱਤੜ ਨੇ ਲਹਿੰਦੇ ਪੰਜਾਬ ਦੇ ਸ਼ਾਇਰ ਸ਼ੋਇਬ ਸਾਦਿਕ ਨੂੰ ਮੰਚ ਤੇ ਸੱਦਾ ਦਿੱਤਾ ਜਿਸ ਨੇ ਕੋਰਨਵਾਲ, ਓਨਟਾਰੀਓ



ਤੋਂ ਆ ਕੇ ਆਪਣੀਆਂ ਸੁੰਦਰ ਗ਼ਜ਼ਲਾਂ ਨਾਲ਼ ਮਹਿਫ਼ਲ ਗਰਮਾ ਦਿੱਤੀ। ਅਗਲੀ ਹਿੰਦੀ ਦੀ ਸ਼ਾਇਰਾ ਤੇ ਰੇਡੀਓ ਹੋਸਟ ਨੇ ਹਿੰਦੀ ਇੱਕ ਕਵਿਤਾ 'ਬਾਪ ਨੂੰ ਸਮਰਪਿਤ ' ਨਾਲ਼ ਆਪਣੀ ਹਾਜ਼ਰੀ ਲਗਵਾਈ। ਫਿਰ ਦਿੱਲੀ ਤੋਂ ਆਏ ਕਵੀ ਸ਼੍ਰੀ ਅਨਿਲ ਭਾਰਦਵਾਜ ਨੇ ਆਪਣੀ ਇੱਕ ਕਵਿਤਾ ਸਰੋਤਿਆਂ ਨਾਲ਼ ਸਾਂਝੀ



ਕੀਤੀ। ਹੁਣ ਆਈ ਵਾਰੀ ਉਸ ਸ਼ਾਇਰ ਜਿਸ ਨੂੰ ਸੁਣਨ ਲਈ ਸਰੋਤੇ ਉਤਾਵਲੇ ਸਨ ਮੋਹਣਪ੍ਰੀਤ ਪੱਤੜ ਨੇ ਬੜੇ ਮਾਣ ਨਾਲ਼ ਗ਼ਜ਼ਲਗੋ ਅਮਰਜੀਤ ਸਿੰਘ ਜੀਤ ਨੂੰ ਮੰਚ ਤੇ ਸੱਦਿਆ ਤਾਂ 'ਜੀਤ' ਜੀ ਨੇ ਆਪਣੀਆਂ ਗ਼ਜ਼ਲਾਂ ਦੀ ਛਹਿਬਰ ਲਾ ਕੇ ਸਰੋਤਿਆਂ ਦੇ ਦਿਲ ਜਿੱਤ ਲਏ। ਕਾਵਿ ਸਮਾਗਮ ਨੂੰ ਜਾਰੀ ਰੱਖਦਿਆਂ ਅਮਨਦੀਪ 'ਅਮਨ' , ਹਰਜਿੰਦਰ ਰਾਹੀ ਅਤੇ ਮਧੂ ਸਾਹਨੀ ਨੇ ਆਪਣੀਆਂ ਪਿਆਰੀਆਂ ਰਚਨਾਵਾਂ ਸਰੋਤਿਆਂ ਨਾਲ਼ ਸਾਂਝੀਆਂ ਕਰਕੇ ਵਾਹਵਾ ਖੱਟੀ। ਇਸ ਦੌਰਾਨ ਦਿੱਲੀ ਤੋਂ ਆਈ ਗਾਇਕਾ ਦੇ ਇੱਕ ਗੀਤ ਨਾਲ ਹਾਜ਼ਰੀ ਲਵਾਉਣ ਤੋਂ ਪਹਿਲਾਂ ਚਿੱਤਰਕਾਰ ਤੇ ਕਵੀ ਮਨਜੀਤ ਸਿੰਘ ਚਾਤ੍ਰਿਕ ਨੂੰ ਮੰਚ ਤੇ ਬੁਲਾਇਆ ਗਿਆ ਤੇ ਉਨ੍ਹਾਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਬਾਰੇ ਇੱਕ ਇਤਿਹਾਸਕ ਕਵਿਤਾ ਸੁਣਾ ਕੇ ਸਰੋਤਿਆਂ ਨਾਲ ਸਾਂਝ ਪਾਈ । ਆਖ਼ਰ ਵਿੱਚ ਪੰਜਾਬੀ ਕਲਮ ਕੇਂਦਰ ਦੇ ਮੈਂਬਰਾ ਨੇ ਸ਼ਾਇਰ ਅਮਰਜੀਤ ਜੀਤ ਨੂੰ ਸਨਮਾਨ ਬਖਸ਼ਿਆ। ਮੰਚ ਦੀ ਸਾਰੀ ਜਿੰਮੇਵਾਰੀ ਵਾਰੀ ਮੋਹਣਪ੍ਰੀਤ ਸਿੰਘ ਪੱਤੜ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਕੁਲਵੰਤ ਕੌਰ, ਗੁਰਬਖਸ਼ ਕੌਰ, ਹਰਦੀਪ ਕੌਰ, ਮਨਜੀਤ ਕੌਰ, ਮਾਤਾ ਮੁਹਿੰਦਰ ਕੌਰ ਅਤੇ ਸੁਰਾਜ ਕੌਰ ਸਰੋਤਿਆਂ ਵਿੱਚ ਵਿਸ਼ੇਸ਼ ਤੌਰ ਹਾਜ਼ਰ ਰਹੇ। ਸਮਾਗਮ ਦੇ ਆਖਰ ਵਿੱਚ ਪੰਜਾਬੀ ਕਲਮ ਕੇਂਦਰ ਮੌਂਟਰੀਅਲ ਦੇ ਮੁੱਖ ਕਾਰਜ ਕਰਤਾ ਹਰਜਿੰਦਰ ਸਿੰਘ ਪੱਤੜ ਹੁਰਾਂ ਨੇ ਸਮੂੰਹ ਸਰੋਤਿਆਂ ਤੇ ਸ਼ਿਰਕਤ ਕਰਨ ਵਾਲੇ ਸਾਰੇ ਕਵੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

**ਹਰਜਿੰਦਰ ਸਿੰਘ ਪੱਤੜ**
**ਕਾਰਜ ਕਰਤਾ ਪੰਜਾਬੀ ਕਲਮ ਕੇਂਦਰ ਮੌਂਟਰੀਅਲ**

# ਬਿਜਲੀ ਬੋਰਡ ਦੀ ਵਿਧਵਾ ਮੁਲਾਜਮ ਨੇ ਲਗਾਈ ਇਨਸਾਫ਼ ਲਈ ਗੁਹਾਰ

**ਫਿਲੌਰ/ਅੱਪਰਾ, (ਦੀਪਾ)-** ਪੰਜਾਬ ਰਾਜ ਬਿਜਲੀ ਬੋਰਡ ਅੱਪਰਾ ਵਿਖੇ ਨੌਕਰੀ ਕਰਦੀ ਵਿਧਵਾ ਮੁਲਾਜ਼ਨ ਨੇ ਇੱਕ ਔਰਤ ਤੋਂ ਪੀੜਿਤ ਹੋ ਕੇ ਇਨਸਾਫਲ ਲਈ ਗੁਹਾਰ ਲਈ ਹੈ । ਇਸ ਸੰਬੰਧ 'ਚ ਪੰਜਾਬ ਰਾਜ ਮਹਿਲਾ ਕਮਿਸ਼ਨ ਚੰਡੀਗੜ, ਚੀਫ ਸੈਕਟਰੀ ਆਫ ਪੰਜਾਬ ਚੰਡੀਗੜ, ਸ. ਭੰਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਹੋਰ ਉੱਚ ਅਧਿਕਾਰੀਆਂ ਨੂੰ ਈ-ਮੇਲ ਰਾਹੀ ਸ਼ਿਕਾਂਇਤ ਭੇਜ ਕੇ ਦੱਸਿਆ ਕਿ ਮੈਂ ਪ੍ਰੀਤੀ ਸ਼ਰਮਾ ਪਤਨੀ ਸਵ. ਸੰਜੀਵ ਕੁਮਾਰ ਪਿੰਡ ਮੋਂਰੋਂ ਦੀ ਵਸਨੀਕ ਹਾਂ । ਮੇਰੇ ਪਤੀ ਦੀ ਮੌਤ ਹੋ ਜਾਣ ਦੇ ਕਾਰਣ ਮੈਨੂੰ ਬਿਜਲੀ ਬੋਰਡ 'ਚ ਬਤੌਰ ਐਲ. ਡੀ. ਸੀ ਨੌਕਰੀ ਮਿਲ ਗਈ । ਬੀਤੇ ਦਿਨੀਂ ਜਦੋਂ ਮੈਂ ਦੁਪਿਹਰ ਦਾ ਖਾਣਾ



ਖਾਣ ਲਈ ਘਰ ਗਈ ਤਾਂ ਮਾਮੂਲੀ ਘਰੈਲੂ ਕਾਰਣਾ ਕਰਕੇ ਇੱਕ ਔਰਤ ਨੇ ਮੇਰੇ ਮੱਥੇ 'ਚ ਵਾਈਪਰ ਮਾਰਿਆ ਤੇ ਮੇਰੇ ਨਾਲ ਗਾਲੀ ਗਲੋਚ ਕੀਤਾ । ਉਸਨੇ ਮੇਰੇ ਬਾਰੇ ਅਪਸ਼ਬਦ ਵੀ ਵਰਤੇ । ਪ੍ਰੀਤੀ ਸ਼ਰਮਾ ਨੇ ਉੱਚ ਅਧਿਕਾਰੀਆਂ ਅੱਗੇ ਇਨਸਾਫ ਲਈ ਗੁਹਾਰ ਲਗਾਈ ਹੈ ਕਿ ਉਕਤ ਮਹਿਲਾ ਦੇ ਖਿਲਾਫ਼ ਕਾਰਵਾਈ ਕਰਦੇ ਹੋਏ ਮੈਨੂੰ ਇਨਸਾਫ ਦਵਾਇਆ ਜਾਵੇ ।

# ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ ਸਰਕਾਰੀ ਸਕੂਲ ਪੁੰਨੂਮਜਾਰਾ ਵਿਖੇ ਏਕ ਪੇੜ ਮਾਂ ਕੇ ਨਾਮ ਮੁਹਿੰਮ ਤਹਿਤ ਨਿਬੰਧ ਲੇਖਨ ਮੁਕਾਬਲਾ ਕਰਵਾਇਆ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਕ੍ਰਿਸ਼ਨਾ ਯੂਥ ਕਲੱਬ, ਨਵਾਂਸ਼ਹਿਰ ਵੱਲੋਂ ਸਰਕਾਰੀ ਸਕੂਲ ਪੁੰਨੂਮਜਾਰਾ ਵਿਖੇ "ਏਕ ਪੇੜ ਮਾਂ ਕੇ ਨਾਮ" ਮੁਹਿੰਮ ਦੇ ਤਹਿਤ ਨਿਬੰਧ ਲੇਖਨ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਹ ਮੁਕਾਬਲਾ ਭਾਰਤ ਸਰਕਾਰ ਦੇ ਯੁਵਾ ਕਾਰਜਕ੍ਰਮ ਅਤੇ ਖੇਡ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੇਰਾ ਯੁਵਾ ਭਾਰਤ ਦੇ ਅਤੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ ਕਰਵਾਇਆ ਗਿਆ। ਇਸ ਮੁਕਾਬਲੇ ਦਾ ਮਕਸਦ ਵਿਦਿਅਰਥੀਆਂ ਵਿੱਚ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਮਾਂ ਤੇ ਪ੍ਰਕਿਰਤੀ ਦੇ ਮਹੱਤਵ ਨੂੰ ਉਜਾਗਰ ਕਰਨਾ ਸੀ। ਮੁਕਾਬਲੇ ਵਿੱਚ ਸਕੂਲ ਦੇ ਵਿਦਿਅਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ ਅਤੇ ਵਾਤਾਵਰਣ, ਪੇੜ-ਪੌਦਿਆਂ ਅਤੇ ਮਾਂ ਦੇ ਮਹੱਤਵ ਸਬੰਧੀ ਪ੍ਰਭਾਵਸ਼ਾਲੀ ਨਿਬੰਧ ਪੇਸ਼ ਕੀਤੇ।




ਮੁਕਾਬਲੇ ਵਿੱਚ ਜਾਨਵੀ ਨੇ ਪਹਿਲਾ ਸਥਾਨ, ਮਨਵੀਰ ਕੌਰ ਨੇ ਦੂਜਾ ਸਥਾਨ, ਜਦਕਿ ਜਲੀਨ ਕੌਰ ਅਤੇ ਸਾਇਕਾ ਪਰਵੀਨ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਅੰਤ ਵਿੱਚ ਜੇਤੂ ਵਿਦਿਆਰਥਣਾਂ ਨੂੰ ਪ੍ਰਮਾਣ ਪੱਤਰ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਲੱਬ ਮੈਂਬਰ ਕੁਲਵਿੰਦਰ ਸਿੰਘ ਨੇ ਕਿਹਾ ਕਿ 'ਏਕ ਪੇੜ ਮਾਂ ਕੇ ਨਾਮ' ਵਰਗੀ ਮੁਹਿੰਮ ਨਾਲ ਬੱਚਿਆਂ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਵਿਕਸਤ ਹੁੰਦੀ ਹੈ। ਪੇੜ ਸਿਰਫ਼ ਪ੍ਰਕਿਰਤੀ ਹੀ ਨਹੀਂ, ਸਗੋਂ ਸਾਡੇ ਜੀਵਨ ਦਾ ਆਧਾਰ ਹਨ ਅਤੇ ਇਨ੍ਹਾਂ ਦੀ ਰੱਖਿਆ ਕਰਨਾ ਹਰ ਨਾਗਰਿਕ ਦਾ ਫਰਜ਼ ਹੈ।ਉਨ੍ਹਾਂ ਨੇ ਕਿਹਾ ਕਿ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਅੱਗੇ ਵੀ ਵਾਤਾਵਰਣ ਸੰਰੱਖਣ ਨਾਲ ਸੰਬੰਧਤ ਕਾਰਜਕ੍ਰਮ ਲਗਾਤਾਰ ਕਰਦਾ ਰਹੇਗਾ। ਸਕੂਲ ਇੰਚਾਰਜ ਗੁਰਤਰਨਜੀਤ ਕੌਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦੀ ਸੋਚ ਨੂੰ ਸਕਾਰਾਤਮਕ ਦਿਸ਼ਾ ਦਿੰਦੇ ਹਨ। ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ ਕੀਤਾ ਗਿਆ ਇਹ ਉਪਰਾਲਾ ਸ਼ਲਾਘਾਯੋਗ ਹੈ, ਜਿਸ ਨਾਲ ਬੱਚਿਆਂ ਵਿੱਚ ਵਾਤਾਵਰਣ ਸੰਰੱਖਣ ਪ੍ਰਤੀ ਜਾਗਰੂਕਤਾ ਵਧ ਰਹੀ ਹੈ। ਇਸ ਮੌਕੇ ਸਕੂਲ ਸਟਾਫ਼ ਸੁਸ਼ੀਲ ਕੁਮਾਰ, ਮੈਡਮ ਰੀਚਾ , ਕਲੱਬ ਮੈਂਬਰ ਹੈਰੀ ਚੌਹਾਨ, ਕਰਨ ਸ਼ਰਮਾ ਅਤੇ ਕੁਣਾਲ ਪੁਰੀ ਵੀ ਹਾਜ਼ਰ ਰਹੇ।

# ਇਤਿਹਾਸਕ ਮਹੀਨਾ



ਆਈ ਪੋਹ ਦੀ ਸੰਗਰਾਂਦ ,
ਹੈ ਸ਼ਹੀਦਾਂ ਦਾ ਮਹੀਨਾ ।
ਪੰਥ ਖਾਲਸੇ ਦੀ ਸਿੱਖੀ ,
ਦੇ ਮੁਰੀਦਾਂ ਦਾ ਮਹੀਨਾ ।
ਸ਼ਾਨਾਂ ਮੱਤਾ ਇਤਹਾਸ ,
ਧੀਆਂ ਪੁੱਤਾਂ ਨੂੰ ਸੁਣਾਈਏ ;
ਹੋਵੇ ਨਵੀਆਂ ਹੀ ਆਸਾਂ ,
ਤੇ ਉਮੀਦਾਂ ਦਾ ਮਹੀਨਾ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਫ਼ਕੀਰੀ

ਰੱਤ ਤਨ ਦਾ ਬਾਲਣ ਸੀ ਮੈਂ ਬਣਾਇਆਂ
ਸਮਾਂ ਜਿੰਦ ਦਾ ਹੱਥੀਂ ਵੱਟ ਵੱਟੀ ਧੁੱਖਾਇਆ।
ਤਾਹਨਿਆਂ ਮਿਹਣਿਆਂ ਦੀ ਪਿੰਡੇਂ ਮੱਲ ਸੁਆਹ
ਅੰਦਰੋਂ ਅੰਦਰੀਂ ਮਨ ਦੇ ਦੱਬ ਦਿੱਤੇ ਅਧੂਰੇ ਚਾਅ॥
ਦੀਨ ਦੁਨੀਆਂ ਦੀ ਤਿਆਗੀ ਮੁੱਢੋਂ ਅਮੀਰੀ
ਹੱਡੀਆਂ ਦਾ ਭਾੜਾ ਤਾਰ ਖੱਟੀ ਅਸਾਂ ਫ਼ਕੀਰੀ।
ਮੋਹ ਆਪਣਿਆਂ ਬੇਗਾਨਿਆਂ ਦਾ ਦਿਲੋਂ ਛੱਡਿਆ
ਸੁੰਨ ਸਮਾਧ ਹੋਈ ਅਵਸਥਾ ਮੁੜ ਧੂਣਾ ਗੱਡਿਆਂ॥
ਉਸ ਸੱਚੇ ਦੀ ਫੇਰ ਜਾ ਹੋਈ ਸੀ ਨਜ਼ਰ ਸਵੱਲੀ
ਭੇਤ ਵਾਲੀ ਗੱਲ ਤਦ ਅਭੇਦਤਾ ਨੇ ਜਾ ਮੱਲ੍ਹੀ।
ਪੱਲੇ ਫ਼ਕੀਰਾਂ ਦੇ ਹਨ ਕਾਹਦੀਆਂ ਫ਼ਿੱਕਰਾਂ
ਸਾਧਾਂ ਨੂੰ ਸਮਾਧਾਂ ਥਾਂ ਦੇਣ ਕੰਡਿਆਲੀਆਂ ਕਿੱਕਰਾਂ।
ਪੈਂਡਾਂ ਸੱਚ ਦਾ ਸੋਚਿਆਂ ਚੜ੍ਹਦਾ ਹੀ ਜਾਵਾਂ
ਇੱਕ ਕਾਦਰ ਤੋਂ ਛੁੱਟ ਨਾਮ ਨਾਂਹ ਧਿਆਵਾਂ
ਰੂਹ ਮੇਰੀ ਹੁਣ ਬਣ  ਬੈਠੀ ਬਿਰਹੋਂ ਦੀ ਰੋਗੀ
ਵੈਰਾਗ ਫੁੱਟਦਾਂ ਨੈਣੀਂ ਪਿੰਡ ਹੋਇਆ ਸੋਗੀ॥



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਬੰਦੇ ਨੂੰ ਡੰਗ

ਬੰਦੇ ਨੂੰ ਡੰਗ ਮਾਰਨ ਦੇ ਲਈ ਬੰਦਾ ਹੀ ਕਾਫ਼ੀ ਏ,
ਸੱਪਾਂ ਨੂੰ ਇਹ ਕਹਿ ਕੇ ਕਰ ਲਿਆ ਕੈਦ ਸਪੇਰਿਆਂ ਨੇ।
ਧੀ-ਭੈਣ ਦੀ ਇੱਜ਼ਤ ਤੇ ਸਤਿਕਾਰ ਮਾਪਿਆਂ ਦਾ,
ਕਰਨ ਵਾਲਾ ਜੱਸ ਪਾਉਂਦਾ, ਆਖੀ ਗੱਲ ਵਡੇਰਿਆਂ ਨੇ।
ਮੁਕਤ-ਭੁਗਤ ਦੇ ਲਾਰੇ ਲਾ ਕੇ ਲੁੱਟ ਲਿਆ ਲੋਕਾਂ ਨੂੰ,
ਝੂਠ ਦਾ ਮੱਕੜ-ਜਾਲ ਫ਼ੈਲਾਈ ਬੈਠੇ ਡੇਰਿਆਂ ਨੇ।
ਸੱਚ, ਹੱਕ, ਇਨਸਾਫ਼ ਚੌਰਾਹੇ ਟੰਗਿਆ ਸੂਲੀ 'ਤੇ,
ਚਾਨਣ ਕੀਤਾ ਕਤਲ ਝੂਠ ਸੰਗ ਰਲੇ ਹਨੇਰਿਆਂ ਨੇ।
ਭੋਲੇ-ਭਾਲੇ ਸਾਊ ਬੰਦੇ ਨੂੰ ਠੱਗ ਲਿਆ ਦਿਨ-ਦੀਵੀਂ,
ਕੁੱਤਾ-ਕੁੱਤਾ ਆਖ ਲੇਲੇ ਨੂੰ ਚਤਰ ਲੁਟੇਰਿਆਂ ਨੇ।
ਚੋਰਾਂ ਦੇ ਨਾਲ ਰਲਕੇ ਕੁੱਤੀ ਘਰ ਲਟਵਾਉਂਦੀ ਪਈ।
ਪੱਗ ਵਟਾ ਕੇ ਯਾਰ-ਮਾਰ ਵੀ ਕਰੀ ਬਥੇਰਿਆਂ ਨੇ।
ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਸ਼ੇਰ ਤੇ ਬਾਜਾਂ ਨੂੰ,
ਪਿੰਜਰੇ ਦੇ ਵਿੱਚ ਬੰਦ ਕਰ ਲਿਆ ਤਿੱਤਰ ਬਟੇਰਿਆਂ ਨੇ।
ਇੱਕੋ ਰੱਬ ਨੂੰ ਮੰਨਣ ਵਾਲਾ ਸਿੱਖ ਵੀ ਫੰਧ ਲਿਆ,
ਮੜ੍ਹੀਆਂ, ਕਬਰਾਂ, ਨਕਲੀ ਗੁਰੂਆਂ, ਪੀਰ, ਜਠੇਰਿਆਂ ਨੇ।
ਧੇਲਾ ਮੁੱਲ ਪਿਆ ਨਾ ਕਾਮੇ ਦੀ ਮਿਹਨਤ ਦਾ,
'ਭੁੱਲੜਾ' ਚੁੱਪ-ਚੁਪੀਤੇ ਹੀਰ ਵਿਆਹ ਲਈ ਖੇੜਿਆਂ ਨੇ।



**ਸੁਖਦੇਵ ਸਿੰਘ 'ਭੁੱਲੜ'**
**ਓਲੀਵਰ, ਬੀਸੀ ।**
**+919417046117**

# ਕਿਹੜੀ ਗੱਲ ਦੀ ?

ਖੁਸ਼ੀ ਮਨਾਈਏ ਤਾਂ ਕਿਹੜੀ ਗੱਲ ਦੀ,
ਕਿਸ  ਧੋਖੇ  ਅਤੇ  ਕਿਹੜੇ  ਛਲ ਦੀ,
ਜ਼ਰਾਇਮ  ਪੇਸ਼ਾ ਦਾ ਠੱਪਾ ਲੱਗਿਆ,
ਭੁੱਲਦੀ ਨਹੀਂ ਅਜੇ ਗੱਲ ਏ ਕੱਲ੍ਹ ਦੀ,
ਖੁਸ਼ੀ ਮਨਾਈਏ ਤਾਂ ਕਿਹੜੀ ਗੱਲ ਦੀ।
ਹੱਸ ਹੱਸ  ਫਾਂਸੀਆਂ  ਚੜ੍ਹੇ ਪੰਜਾਬੀ,
ਹਿੱਕਾਂ  ਡਾਹ  ਡਾਹ  ਲੜੇ  ਪੰਜਾਬੀ,
ਜਿਵੇਂ ਪੜ੍ਹਾਇਆ ਸੀ  ਪੜ੍ਹੇ ਪੰਜਾਬੀ,
ਵੱਖ਼ਰੀ ਏ ਗੱਲ ਹੋਣੀ ਨਹੀਂ ਟਲਦੀ,
ਖੁਸ਼ੀ ਮਨਾਈਏ ਤਾਂ ਕਿਹੜੀ ਗੱਲ ਦੀ।
ਫੇਰ ਵੀ ਅਸੀਂ ਤਾਂ ਖੁਸ਼ ਰਹਿੰਨੇ ਆਂ,
ਸੁਖੀ  ਵਸੇ  ਦੁਨੀਆਂ  ਕਹਿੰਨੇ  ਆਂ,
ਹੋਇਆ ਜੋ ਭਾਣਾ ਕਹਿ ਮੰਨ ਲੈਂਨੇ ਆਂ,
ਖੁਸ਼ੀ ਸੁਹਾਵੇ  ਨਾ ਦਿੱਲੀਏ  ਪਲ ਦੀ,
ਖੁਸ਼ੀ ਮਨਾਈਏ ਤਾਂ ਕਿਹੜੀ ਗੱਲ ਦੀ।



**ਸ਼ਿੰਦਾ ਬਾਈ**

# ਪੰਜਾਬ

ਲੱਗੀ ਕੀਹਦੀ ਏ ਪੰਜਾਬ ਨੂੰ ਨਜ਼ਰ ਮਾੜੀ?
ਦਿਨੋਂ ਦਿਨ ਹੀ ਪਿਆ ਘਟਦਾ ਏ।
ਚਿੜੀ ਸੋਨੇ ਦੀ ਸੀ ਕਦੇ ਪੰਜਾਬ ਮੇਰਾ,
ਰੰਗ ਸੋਨੇ ਦਾ ਦਿਨੋਂ ਦਿਨ ਛਟਦਾ ਏ।
ਬੇਰੁਜ਼ਗਾਰ ਹੋ ਕੇ ਨੌਜਵਾਨ ਫਿਰਦੇ ਉੱਤੇ
ਸੜਕਾਂ ਰੁਲਦੇ ਕਈ ਫਿਰਦੇ,
ਲੱਕ ਤੋੜ ਛੱਡੇ ਅੱਤ ਮਹਿੰਗਾਈ ਨੇ
ਬੜੀਆਂ ਮੁਸ਼ਕਿਲਾਂ ਨਾਲ ਨੇ ਘਰ ਚਲਦੇ।
ਨਸ਼ਾ ਖਾ ਗਿਆ ਦੇਸ਼ ਦੀ ਜਵਾਨੀ ਨੂੰ,
ਪੁੱਤ ਮਾਂਵਾਂ ਦੇ ਨਸ਼ੇ ਦੀ ਭੇਟ ਚੜ੍ਹਦੇ।
ਸਹੁਰੇ ਮਾਰਦੇ ਨੂੰਹਾਂ ਨੂੰ ਦਾਜ ਪਿੱਛੇ,
ਧੀਆਂ ਕੁੱਖਾਂ 'ਚ ਹੀ ਮਾਰੀਆਂ ਜਾਂਦੀਆਂ ਨੇ।
ਕਾਤੋਂ ਧੀ ਦਾ ਬਲਾਤਕਾਰੀ ਬਾਪ ਬਣਿਆ?
ਬੱਚੀਆਂ ਗੈਂਗਰੇਪਾਂ ਦਾ ਸਾਹਮਣਾ ਕਰਦੀਆਂ ਨੇ।
ਦੇਸ਼ ਖਾ ਲਿਆ ਪਖੰਡੀ ਬਾਬਿਆਂ ਨੇ,
ਔਰਤਾਂ ਬਾਬਿਆਂ ਦਾ ਢਿੱਡ ਭਰੀ ਜਾਂਦੀਆਂ ਨੇ।
'ਪ੍ਰੀਤ' ਰੋੜ੍ਹਕੇ ਲੈ ਗਏ ਸਭ ਕੁਝ ਹੀ,
ਇਹ ਕਿਹੋ ਜਿਹੇ ਦਰਿਆ ਵਗੀ ਜਾਂਦੇ ਨੇ?



**ਮਨਪ੍ਰੀਤ ਕੌਰ**
**ਪਿੰਡ: ਬਖਸ਼ੀਵਾਲਾ, ਜਿਲ੍ਹਾ ਸੰਗਰੂਰ**



# ਵਧੀਕ ਡਿਪਟੀ ਕਮਿਸ਼ਨਰ ਨੇ ਰਿਟਰਨਿੰਗ ਅਧਿਕਾਰੀਆਂ ਤੋਂ ਲਿਆ ਵੋਟਾਂ ਦੀ ਗਿਣਤੀ ਦੀਆਂ ਤਿਆਰੀਆਂ ਦਾ ਜਾਇਜ਼ਾ

**● ਜ਼ਿਲੇ ‘ਚ ਚਾਰ ਸਥਾਨਾਂ ‘ਤੇ ਹੋਵੇਗੀ ਵੋਟਾਂ ਦੀ ਗਿਣਤੀ, ਸਵੇਰੇ 08:00 ਵਜੇ ਤੋਂ ਸ਼ੁਰੂ ਹੋਵੇਗੀ ਗਿਣਤੀ ● ਸਮੇਂ ਸਿਰ ਤਿਆਰੀਆਂ ਤੇ ਪ੍ਰਬੰਧ ਮੁਕੰਮਲ ਕੀਤੇ ਜਾਣ : ਅਵਨੀਤ ਕੌਰ**

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨ ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਪਈਆਂ ਵੋਟਾਂ ਦੀ ਗਿਣਤੀ 17 ਦਸੰਬਰ (ਬੁੱਧਵਾਰ) ਨੂੰ ਚਾਰ ਸਥਾਨਾਂ ‘ਤੇ ਸਵੇਰੇ 08:00 ਵਜੇ ਤੋਂ ਹੋਵੇਗੀ । ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ ਨੇ ਅੱਜ ਇੱਥੇ ਰਿਟਰਨਿੰਗ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਵੋਟਾਂ ਦੀ ਗਿਣਤੀ ਲਈ ਲੋੜੀਂਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਵਿਸਥਾਰ ਵਿੱਚ ਜਾਇਜ਼ਾ ਲੈਂਦਿਆਂ ਕਿਹਾ ਕਿ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਸਮੇਂ ਸਿਰ ਢੁਕਵੇਂ ਇੰਤਜ਼ਾਮ ਅਮਲ ਵਿੱਚ ਲਿਆਂਦੇ ਜਾਣ। ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ ਚਾਰ ਸਥਾਨਾਂ ‘ਤੇ ਨਿਸ਼ਚਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਜਿਸ ਨਵਾਂਸ਼ਹਿਰ ਲਈ ਸਥਾਨਕ ਆਰ.ਕੇ.ਆਰੀਆ ਕਾਲਜ, ਬੰਗਾ ਲਈ ਗੁਰੂ ਨਾਨਕ ਗਰਲਜ਼ ਕਾਲਜ, ਬਲਾਚੌਰ ਲਈ ਬਾਬਾ ਬਲਰਾਜ ਕਾਲਜ ਅਤੇ ਸੜੋਆ ਬਲਾਕ ਲਈ ਜਵਾਹਰ ਨਵੋਦਿਆ



**ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਵੋਟਾਂ ਦੀ ਗਿਣਤੀ ਦੀਆਂ ਤਿਆਰੀਆਂ ਬਾਰੇ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਹੋਏ।**

ਵਿਦਿਆਲਾ, ਪੋਜੇਵਾਲ ਵਿਖੇ ਵੋਟਾਂ ਦੀ ਗਿਣਤੀ ਹੋਵੇਗੀ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਲਈ ਢੁਕਵੀਂ ਗਿਣਤੀ ਵਿੱਚ ਸਟਾਫ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਗਿਣਤੀ ਪ੍ਰਕਿਰਿਆ ਸੁਚੱਜੇ ਢੰਗ ਨਾਲ ਮੁਕੰਮਲ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਗਿਣਤੀ ਕੇਂਦਰਾਂ ਵਿੱਚ ਜ਼ੋਨਾਂ ਦੀ ਗਿਣਤੀ ਮੁਤਾਬਕ ਟੇਬਲ ਸਥਾਪਤ ਕੀਤੇ ਜਾਣਗੇ ਅਤੇ ਹਰੇਕ ਟੇਬਲ ‘ਤੇ ਗਿਣਤੀ ਸੁਪਰਵਾਈਜ਼ਰ ਅਤੇ ਤਿੰਨ ਸਟਾਫ ਮੈਂਬਰ ਤਾਇਨਾਤ ਹੋਣਗੇ । ਇਸ ਤੋਂ ਇਲਾਵਾ ਗਿਣਤੀ ਕੇਂਦਰਾਂ ਵਿਖੇ ਮਾਈਕਰੋ ਕਾਊਂਟਿੰਗ ਅਬਜਰਵਰ ਵੀ ਤਾਇਨਾਤ ਰਹਿਣਗੇ ਜੋ ਸਮੁੱਚੀ ਪ੍ਰਕਿਰਿਆ ‘ਤੇ ਨਜ਼ਰ ਰੱਖਣਗੇ। ਉਨ੍ਹਾਂ ਦੱਸਿਆ ਕਿ ਨਵਾਂਸ਼ਹਿਰ ਅਤੇ ਬੰਗਾ ਦੇ 25-25 ਜ਼ੋਨਾਂ ਲਈ 25-25 ਟੇਬਲ ਲਾਏ ਗਏ ਹਨ । ਇਸੇ ਤਰ੍ਹਾਂ ਬਲਾਚੌਰ ਲਈ 17 ਅਤੇ ਸੜੋਆ ਬਲਾਕ ਲਈ 15 ਟੇਬਲ ਲਾਏ ਗਏ ਹਨ । ਉਨ੍ਹਾਂ ਨੇ ਰਿਟਰਨਿੰਗ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਕੀਤੀਆਂ ਜਾਣ ਤਾਂ ਜੋ ਗਿਣਤੀ ਪ੍ਰਕਿਰਿਆ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੀ ਜਾ ਸਕੇ।

# ਮਾਲੇਰਕੋਟਲਾ ‘ਚ 16 ਤੋਂ 18 ਦਸੰਬਰ ਤੱਕ ਹਜ਼ਰਤ ਮੌਲਾਨਾ ਸੱਜਾਦ ਨੋਮਾਨੀ ਦਾ ਤਿੰਨ ਦਿਨਾਂ ਦੌਰੇ ਤੇ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਦੁਨੀਆ-ਏ-ਇਸਲਾਮ ਦੀ ਮਸ਼ਹੂਰ ਅਤੇ ਮਾਣਯੋਗ ਹਸਤੀ, ਮੌਲਾਨਾ ਖ਼ਲੀਲ ਉਰ ਰਹਿਮਾਨ ਸੱਜਾਦ ਨੋਮਾਨੀ (ਮੈਂਬਰ - ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ) 16 ਤੋਂ 18 ਦਸੰਬਰ 2025 ਤੱਕ ਮਾਲੇਰਕੋਟਲਾ ਦੇ ਤਿੰਨ ਦਿਨਾਂ ਦੌਰੇ ‘ਤੇ ਤਸ਼ਰੀਫ ਲਿਆ ਰਹੇ ਹਨ। ਇਸ ਮੌਕੇ ‘ਤੇ ਸ਼ਹਿਰ ਵਿੱਚ ਕਈ ਧਾਰਮਿਕ, ਸਮਾਜਿਕ ਅਤੇ ਸਰਬ ਧਰਮੀ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਉਦੇਸ਼ ਆਪਸੀ ਭਾਈਚਾਰੇ,ਸ਼ਾਂਤੀ, ਧਾਰਮਿਕ ਸਾਂਝ ਅਤੇ ਮੁਹੱਬਤ ਦੇ ਸੰਦੇਸ਼ ਨੂੰ ਮਜ਼ਬੂਤ ਕਰਨਾ ਹੈ। ਦੌਰੇ ਦੇ ਪਹਿਲੇ ਦਿਨ 16 ਦਸੰਬਰ (ਮੰਗਲਵਾਰ) ਨੂੰ ਸ਼ਹਿਰ ਦੇ ਉਲਮਾ ਕਰਾਮ ਅਤੇ ਇਮਾਮ ਸਾਹਿਬਾਨ ਲਈ ਖਾਸ ਪ੍ਰੋਗਰਾਮ ਰਾਤ 8 ਵਜੇ, ਬਾਅਦ ਨਮਾਜ਼-ਏ-ਇਸ਼ਾ, ਮਦਰੱਸਾ ਅਰਬੀਆ ਹਿਫ਼ਜ਼ੁਲ ਕੁਰਆਨ, ਜਮਾਲਪੁਰ ਵਿਖੇ ਕਰਵਾਇਆ ਜਾਵੇਗਾ। ਇਸ



ਦੌਰਾਨ ਮੌਲਾਨਾ ਸਾਹਿਬ ਧਾਰਮਿਕ ਮਾਰਗਦਰਸ਼ਨ ਦੇ ਨਾਲ-ਨਾਲ ਸਮਾਜਕ ਜ਼ਿੰਮੇਵਾਰੀਆਂ ‘ਤੇ ਵੀ ਰੌਸ਼ਨੀ ਪਾਉਣਗੇ।

17 ਦਸੰਬਰ ਬੁੱਧਵਾਰ ਨੂੰ ਸਵੇਰੇ 11 ਵਜੇ ਵੱਡੀ ਈਦਗਾਹ ਮਾਲੇਰਕੋਟਲਾ ਵਿਖੇ ਸਿਰਫ਼ ਔਰਤਾਂ ਲਈ ਖਾਸ ਪ੍ਰੋਗਰਾਮ ਰੱਖਿਆ ਗਿਆ ਹੈ ਜਦੋਂਕਿ ਉਸੀ ਦਿਨ ਬਾਅਦ ਨਮਾਜ਼-ਏ-ਇਸ਼ਾ ਸਾਗਰ ਪੈਲੇਸ, ਸੱਟਾ ਚੌਂਕ ਵਿਖੇ ਸ਼ਹਿਰ ਦੇ ਸਿਰਫ ਮਰਦਾਂ ਲਈ ਅਜ਼ੀਮੁਸ਼ਸ਼ਾਨ ਜਲਸਾ-ਏ-ਆਮ ਦਾ ਆਯੋਜਨ ਕੀਤਾ ਜਾਵੇਗਾ। ਦੌਰੇ ਦੇ ਅੰਤਿਮ ਦਿਨ 18 ਦਸੰਬਰ (ਵੀਰਵਾਰ) ਨੂੰ ਸਵੇਰੇ 10 ਵਜੇ ਅਲ ਫਲਾਹ ਸਕੂਲ ਵਿਖੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਲਈ ਵੀ ਖਾਸ ਪ੍ਰੋਗਰਾਮ ਰੱਖਿਆ ਗਿਆ ਹੈ ਅਤੇ ਸ਼ਾਮ 6 ਵਜੇ ਪੰਜਾਬ ਉਰਦੂ ਅਕੈਡਮੀ, ਦਿੱਲੀ ਗੇਟ ਵਿਖੇ ਇੱਕ ਵਿਸ਼ਾਲ ਸਰਬ ਧਰਮ ਸੰਮੇਲਨ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਵੱਖ-ਵੱਖ ਧਰਮਾਂ ਦੇ ਆਗੂ ਸ਼ਾਮਿਲ ਹੋਣਗੇ। ਇਨ੍ਹਾਂ ਸਾਰੇ ਪ੍ਰੋਗਰਾਮਾਂ ਦੀ ਆਯੋਜਨਾ ਸਿੱਖ-ਮੁਸਲਿਮ ਸਾਂਝਾਂ, ਮਾਲੇਰਕੋਟਲਾ (ਪੰਜਾਬ) ਵੱਲੋਂ ਕੀਤੀ ਜਾ ਰਹੀ ਹੈ। ਆਯੋਜਕਾਂ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਵਧ-ਚੜ੍ਹ ਕੇ ਹਾਜ਼ਰੀ ਲਗਾ ਕੇ ਪ੍ਰੋਗਰਾਮਾਂ ਦੀ ਰੌਣਕ ਵਧਾਉਣ।

# ਨੋਨੀ ਮਾਡਲ ਸਕੂਲ ਕਾਠਗੜ੍ਹ ਦੇ ਵਿਦਿਆਰਥੀਆਂ ਨੇ ਰਾਜ ਪੱਧਰੀ ਮੁਕਾਬਲੇ ’ਚ ਮਾਰੀ ਬਾਜ਼ੀ

**ਨਵਾਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )**,ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਪਾਵਨ ਮੌਕੇ ’ਤੇ ਆਯੋਜਿਤ ਰਾਜ ਪੱਧਰੀ ਵਿਦਿਅਕ ਮੁਕਾਬਲਿਆਂ ਵਿੱਚ ਕਾਠਗੜ੍ਹ ਦਾ ਪ੍ਰਸਿੱਧ ਨੋਨੀ ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤਿੰਨਾਂ ਵਰਗਾਂ ਵਿੱਚ ਪਹਿਲਾ ਤੇ ਦੂਜਾ ਸਥਾਨ ਆਪਣੇ ਨਾਂ ਕੀਤਾ। ਮਿਡਲ ਕਲਾਸ ਵਿੱਚ ਹੈਰੀ ਚੋਪੜਾ ਤੇ ਬੰਦਨਾ ਨੇ ਪਹਿਲਾ, ਜਦਕਿ ਮਾਨਸੀ ਤੇ ਰਜਤ ਨੇ ਦੂਜਾ ਸਥਾਨ ਹਾਸਲ ਕੀਤਾ। ਹਾਈ ਕਲਾਸ ਵਿੱਚ ਮਨਸੀਰਤ ਕੌਰ ਪਹਿਲੇ ਤੇ ਰਾਮਨਪ੍ਰੀਤ ਦੂਜੇ ਸਥਾਨ ’ਤੇ ਰਹੀ। ਸੀਨੀਅਰ ਸੈਕੰਡਰੀ ਵਰਗ ਵਿੱਚ ਪ੍ਰਭਜੋਤ ਕੌਰ ਨੇ ਪਹਿਲਾ ਤੇ ਸਿਮਰਨਜੀਤ ਤੇ ਕਮਲ ਘਈ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੱਜ ਲੁਧਿਆਣਾ ਵਿਖੇ ਕਰਵਾਏ



ਗਏ ਵਿਸ਼ਾਲ ਰਾਜ ਪੱਧਰੀ ਸਨਮਾਨ ਸਮਾਰੋਹ ਵਿੱਚ ਸਕੂਲ ਸੰਗ ਪੰਜਾਬ ਵੱਲੋਂ ਸਾਰੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਪੰਜਾਬ ਸਰਕਾਰ ਵੱਲੋਂ ਇਲਾਕੇ ਦੇ ਵਿਧਾਇਕ ਮਹੋਦਇ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਉਪ ਚੇਅਰਮੈਨ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਰਹੇ। ਦੋਵਾਂ ਮਹਾਨੁਭਾਵਾਂ ਨੇ ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ, ਪ੍ਰਸ਼ਸਤੀ ਪੱਤਰ ਦਿੱਤੇ ਤੇ ਉਨ੍ਹਾਂ ਦੀ ਪਿੱਠ ਥਪਥਪਾ ਕੇ ਭਵਿੱਖ ਲਈ ਵਧਾਈਆਂ ਦਿੱਤੀਆਂ। ਸਕੂਲ ਚੇਅਰਪਰਸਨ ਸ੍ਰੀਮਤੀ ਪੂਜਾ ਭਾਰਦਵਾਜ ਤੇ ਪ੍ਰਿੰਸੀਪਲ ਨੇ ਜੇਤੂ ਵਿਦਿਆਰਥੀਆਂ, ਮਾਪਿਆਂ ਤੇ ਮਾਰਗਦਰਸ਼ਕ ਅਧਿਆਪਕਾਂ - ਮੀਨਾਕਸ਼ੀ ਰਾਣਾ, ਸੁਸ਼ਮਾ ਸ਼ਰਮਾ, ਸਰਿਤਾ ਸ਼ਰਮਾ ਤੇ ਤਾਰਾ ਚੰਦ - ਨੂੰ ਰੱਜ ਕੇ ਵਧਾਈ ਦਿੱਤੀ। ਚੇਅਰਪਰਸਨ ਪੂਜਾ ਭਾਰਦਵਾਜ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਤੋਂ ਮਿਲੀ ਪ੍ਰੇਰਨਾ ਤੇ ਅਧਿਆਪਕਾਂ ਦੀ ਮਿਹਨਤ ਸਦਕਾ ਸਾਡੇ ਬੱਚੇ ਲਗਾਤਾਰ ਨਵੀਆਂ ਬੁਲੰਦੀਆਂ ਛੂਹ ਰਹੇ ਹਨ। ਇਹ ਸਾਡੇ ਪੂਰੇ ਸਕੂਲ ਪਰਿਵਾਰ ਲਈ ਮਾਣ ਵਾਲਾ ਪਲ ਹੈ।

# ਸਰਸਵਤੀ ਵਿਦਿਆ ਮੰਦਰ ਵਿੱਚ ਨਾਰੀ ਸ਼ਕਤੀ, ਪਰਿਵਾਰਕ ਮੁੱਲਾਂ ਤੇ ਵਾਤਾਵਰਣ ਨੂੰ ਸਮਰਪਿਤ ਵਿਸ਼ਾਲ ਸਮਾਗਮ

## ਇੰਦੂ ਵੈਦਿਆ, ਨੰਦਿਤਾ ਬਾਲੀ ਤੇ ਭਾਗੋ ਦੇਵੀ ਸਮੇਤ ਕਈ ਪ੍ਰੇਰਕ ਔਰਤਾਂ ਹੋਈਆਂ ਸਨਮਾਨਿਤ

**ਚੰਡੀਗੜ੍ਹ:ਗੁਰਭਿੰਦਰ ਗੁਰੀ–** ਸਰਸਵਤੀ ਵਿਦਿਆ ਮੰਦਰ ਵਿੱਚ ਨਾਰੀ ਸਸ਼ਕਤੀਕਰਨ, ਪਰਿਵਾਰਕ ਸੰਸਕਾਰਾਂ ਅਤੇ ਵਾਤਾਵਰਣ ਸੰਰੱਖਣ ਨੂੰ ਸਮਰਪਿਤ ਇੱਕ ਪ੍ਰਭਾਵਸ਼ਾਲੀ ਤੇ ਅਰਥਪੂਰਨ ਸਮਾਜਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਨੇ ਸਿੱਖਿਆ, ਸੰਸਕਾਰ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਸੁੰਦਰ ਸੰਦੇਸ਼ ਦਿੱਤਾ। ਪ੍ਰੋਗਰਾਮ ਵਿੱਚ ਪ੍ਰਸਿੱਧ ਲੇਖਿਕਾ ਨੰਦਿਤਾ ਬਾਲੀ ਅਤੇ ਸਮਾਜਿਕ ਕਾਰਕੁਨ ਇੰਦੂ ਵੈਦਿਆ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦੀ ਪ੍ਰਧਾਨਗੀ ਭਾਗੋ ਦੇਵੀ ਦੀ ਪਤਨੀ ਸ਼ਹਿਦ ਮਨੋਹਰ ਲਾਲ ਅਤੇ ਸਮਾਜ ਸੇਵਕਾ ਤੇ ਲੇਖਿਕਾ ਕਵਿਤਾ ਗੌਤਮ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਮੌਕੇ ਸਮਾਜਿਕ ਕਾਰਕੁਨ ਇੰਦੂ ਵੈਦਿਆ ਨੇ "ਪਰਿਵਾਰਕ





ਪ੍ਰੋਜੈਕਟ" ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮਜ਼ਬੂਤ ਪਰਿਵਾਰ ਹੀ ਮਜ਼ਬੂਤ ਸਮਾਜ ਦੀ ਨੀਂਹ ਹੁੰਦਾ ਹੈ। ਉਨ੍ਹਾਂ ਨੇ ਸੰਯੁਕਤ ਪਰਿਵਾਰ ਪ੍ਰਣਾਲੀ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਪਰਿਵਾਰਕ ਮੂੱਲਾਂ ਨੂੰ ਸੰਭਾਲਣਾ ਸਭ ਤੋਂ ਵੱਡੀ ਲੋੜ ਹੈ। ਉੱਥੇ ਹੀ ਸਪੀਕਰ ਸਪਨਾ ਨੇ ਵਾਤਾਵਰਣ ਸੰਬੰਧੀ ਆਪਣੇ ਸੁੰਦਰ ਅਤੇ ਪ੍ਰੇਰਕ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਕਿਹਾ ਕਿ ਪਰਿਵਾਰ ਅਤੇ ਪ੍ਰਕਿਰਤੀ ਇਕ ਦੂਜੇ ਨਾਲ ਗੂੜ੍ਹੀ ਤਰ੍ਹਾਂ ਜੁੜੇ ਹੋਏ ਹਨ ਅਤੇ ਜੇਕਰ ਅਸੀਂ ਅੱਜ ਪ੍ਰਕਿਰਤੀ ਦੀ ਸੰਭਾਲ ਨਾ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭਾਰੀ ਮੁੱਲ ਚੁਕਾਉਣਾ ਪਵੇਗਾ। ਸਮਾਗਮ ਦੌਰਾਨ ਸਮਾਜਿਕ, ਸਿੱਖਿਆਕ, ਸੇਵਾਮੁਕਤ ਅਤੇ ਪ੍ਰਸ਼ਾਸਨਿਕ ਖੇਤਰਾਂ ਵਿੱਚ ਸਰਾਹਣਯੋਗ ਯੋਗਦਾਨ ਪਾਉਣ ਵਾਲੀਆਂ ਕਈ ਔਰਤਾਂ ਨੂੰ ਸਨਮਾਨਿਤ ਕੀਤਾ ਗਿਆ। ਸੰਯੁਕਤ ਪਰਿਵਾਰ ਦੀ ਪਰੰਪਰਾ ਨੂੰ ਜੀਉਂਦਾ ਰੱਖਣ ਲਈ ਨੀਲਮ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਦਿੱਤਾ ਗਿਆ। ਇਸ ਤੋਂ ਇਲਾਵਾ ਪ੍ਰੋਗਰਾਮ ਨਾਲ ਸੰਬੰਧਤ ਪ੍ਰਸ਼ਨਾਂ ਦੇ ਸਹੀ ਉੱਤਰ ਦੇਣ ਵਾਲੀਆਂ ਅਤੇ ਆਯੋਜਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੀਆਂ ਔਰਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋਫੈਸਰ ਅੰਜੂ ਪਟਿਆਲ, ਕੋਆਰਡੀਨੇਟਰ ਸੁਸ਼ਮਾ ਸ਼ਰਮਾ, ਸੁਨੀਤਾ, ਸ਼ਾਲੂ, ਅਰਚਨਾ (ਸੰਪਰਦਾ ਦੀ ਮੁਖੀ), ਪੰਕਜ ਵਿਸ਼ਿਸ਼ਟ (ਸੇਵਾਮੁਕਤ ਪ੍ਰਿੰਸੀਪਲ), ਕਿਰਨ ਬਾਲਾ, ਸਰੋਜ ਬਾਲਾ, ਗੁਰਚਰਾਨੀ, ਯਸ਼ੋਧਾ, ਸੁੰਦਰੀ, ਸ਼ਾਂਤੀ ਦੇਵੀ, ਮੀਨਾ ਦੇਵੀ, ਸੋਨਮ, ਕਮਲੇਸ਼ (ਏ.ਐਸ.ਆਈ.), ਮਧੂ (ਕਾਂਸਟੇਬਲ), ਨੀਤੂ ਡੋਗਰਾ (ਡਾਕਘਰ), ਵੀਰ ਸ਼ੀਰਾ, ਦਯਾ ਠਾਕੁਰ (ਆਸ਼ਾ ਵਰਕਰ), ਨੀਨਾ ਕੁਮਾਰੀ (ਹੈਲਥ ਵਰਕਰ), ਕਪਿਲ ਸ਼ਰਮਾ, ਸਵਾਸਤਿਕ ਗੌਤਮ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪ੍ਰੋਗਰਾਮ ਦੀ ਖ਼ਾਸ ਖਿਚ ਸਰਸਵਤੀ ਵਿਦਿਆ ਮੰਦਰ ਗੁਲੇਰਵਾਲਾ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਸਤੁਤੀ ਰਹੀ। ਵਿਦਿਆਰਥੀਆਂ ਨੇ ਝਾਂਸੀ ਦੀ ਰਾਣੀ, ਰਾਣੀ ਦੁਰਗਾਵਤੀ ਵਰਗੀਆਂ ਇਤਿਹਾਸਕ ਨਾਰੀਆਂ ਦੇ ਰੂਪ ਧਾਰਨ ਕਰਕੇ ਨਾਰੀ ਸ਼ਕਤੀ ਦਾ ਜੀਤਾ ਜਾਗਦਾ ਦਰਸ਼ਨ ਕਰਵਾਇਆ। ਸਮਾਗਮ ਦੇ ਅੰਤ ਵਿੱਚ ਔਰਤਾਂ ਨੂੰ "ਆਦਮ ਸ਼ਕਤੀ" ਦਾ ਸੰਦੇਸ਼ ਦਿੰਦਿਆਂ ਇਹ ਅਹਿਸਾਸ ਕਰਵਾਇਆ ਗਿਆ ਕਿ ਨਾਰੀ ਸਿਰਫ਼ ਘਰ ਦੀ ਧੁਰ ਨਹੀਂ, ਸਗੋਂ ਸਮਾਜ ਦੀ ਰੀੜ੍ਹ ਦੀ ਹੱਡੀ ਹੈ। ਪ੍ਰੋਗਰਾਮ ਸਾਰੇ ਹਾਜ਼ਰੀਨ ਲਈ ਪ੍ਰੇਰਣਾ ਦਾ ਸਰੋਤ ਬਣਿਆ।

# ਬਲੈਰੋ ਪਿਕਅੱਪ ਨੇ 2 ਕਾਰਾਂ ਨੂੰ ਪਿੱਛੋਂ ਟੱਕਰ ਮਾਰੀ ਜਿਸ ਬਲੈਰੋ ਪਲਟ ਗਈ

## ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆ ਅਤੇ ਜਾਨੀ ਨੁਕਸਾਨ ਦਾ ਬਚਾਅ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਨੇੜੇ ਕਾਠਗੜ੍ਹ ਮੋੜ ਦੇ ਸਾਹਮਣੇ ਪੈਟਰੋਲ ਪੰਪ ਨਿਆਰਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਨੇ ਦੱਸਿਆਂ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਮਿਲੀ ਕਿ ਕਾਠਗੜ੍ਹ ਐਕਸੀਡੈਂਟ ਹੋਇਆ ਹੈ ਉਨ੍ਹਾਂ ਨੇ ਤਰੁੰਤ ਮੌਕੇ ਤੇ ਜਾਕੇ ਦੇਖਿਆ ਕਿ ਪਹਿਲਾਂ ਤੋਂ ਹੀ ਨੈਸ਼ਨਲ ਹਾਈਵੇ ਰੋਡ ਉਪਰ ਇੱਕ ਟਰੱਕ ਖੜ੍ਹਾ ਸੀ, ਜੋ ਕਿ ਖਰਾਬ ਸੀ ਅਤੇ ਜਿਸ ਨੈਸ਼ਨਲ ਹਾਈਵੇ ਅਥਾਰਟੀ ਵਲੋਂ ਚੰਗੀ ਤਰ੍ਹਾਂ ਨਾਲ ਬੈਰੀਗੇਟਿੰਗ ਕੀਤੀ ਹੋਈ ਸੀ । ਇੱਕ ਬਲੈਰੋ ਪਿਕਅੱਪ ਜਿਸ ਨੰਬਰ ਪੀ ਬੀ 07 ਸੀ ਜੇ 2601 ਜਿਸ ਨੂੰ ਰਾਮ ਲਾਲ ਪੁੱਤਰ ਸ਼ੱਤਰਪਾਲ ਵਾਸੀ ਹੁਸ਼ਿਆਰਪੁਰ ਚਲਾ ਰਿਹਾ ਸੀ ਜੋ ਕਿ ਬਲੈਰੋ ਗੱਡੀ ਸਬਜ਼ੀਆਂ ਨਾਲ ਲੋਡ ਸੀ, ਜੋ ਕਿ ਤੇਜ਼ ਸਪੀਡ ਨਾਲ ਆ ਰਿਹਾ ਸੀ, ਜਿਸ ਨੇ ਟਰੈਫਿਕ ਡਿਇਵਰਜ਼ਨ ਹੋਣ ਕਰਕੇ ਅੱਗੇ ਬਲੈਰੋ ਪਿੱਕਅਪ ਦੇ ਅੱਗੇ ਜਾ ਰਹੀਆਂ 2 ਕਾਰਾਂ ਸਵੀਫਟ ਜਿਸ ਦਾ ਨੰਬਰ ਪੀ ਬੀ 07 ਏ ਪੀ 7754 ਜਿਸ ਨੂੰ ਗੋਤਮ ਸਵਰਾਜ ਵਾਸੀ ਪੁੱਤਰ ਵੀ ਕੇ ਸਵਰਾਜ ਵਾਸੀ ਹਾਜ਼ੀਪੁਰ ਜਿਲ੍ਹਾਂ ਹੁਸ਼ਿਆਰਪੁਰ ਚਲਾ ਰਿਹਾ ਸੀ ਅਤੇ ਆਈ 10ਸਹਿਰਾਨ ਹੁਸੈਨ ਪੁੱਤਰ ਮਹੁੰਮਦ ਹੁਸੈਨ ਸ਼੍ਰੀ ਨਗਰ ਚਲਾ ਰਿਹਾ ਸੀ ਜੋ ਕਿ ਦੋਨੋਂ ਕਾਰ ਚਾਲਕ ਬਲਾਚੌਰ ਸਾਇਡ ਤੋਂ ਰੋਪੜ੍ਹ ਸਾਈਡ ਜਾ ਰਹੇ ਸਨ ਜਦੋਂ





ਇਹ ਕਾਠਗੜ੍ਹ ਮੋੜ ਦੇ ਨੇੜੇ ਪੈਟਰੋਲ ਪੰਪ ਦੇ ਸਾਹਮਣੇ ਪਹੁੰਚੇ ਤਾ ਬਲੈਰੋ ਪਿੱਕਅਪ ਦੇ ਚਾਲਕ ਕਾਰ ਨੂੰ ਪਿੱਛੋਂ ਹਿੱਟ ਕਰ ਦਿੱਤਾ ਜੋ ਕਿ ਅੱਗੇ ਜਾ ਰਹੀ ਕਾਰ ਨਾਲ ਟਕਰਾ ।ਜਿਸ ਕਾਰਨ ਬੈਲੇਰੋ ਪਿਕਅੱਪ ਦਾ ਸੰਤੁਲਨ ਵਿਗੜਨ ਕਰਕੇ ਪਲਟ ਗਈ । ਜਿਸ ਨਾਲ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ਅਤੇ ਤਿੰਨੋਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ ਕਾਫੀ । ਐਸ ਐਸ ਐਫ ਦੀ ਟੀਮ ਦੁਆਰਾ ਵਾਹਨਾਂ ਨੂੰ ਰਿਕਵਰੀ ਵੈਨ ਦੀ ਮਦਦ ਨਾਲ ਸਾਇਡ ਤੇ ਕਰਵਾਇਆਂ ਅਤੇ ਆਵਜਾਈ ਨੂੰ ਸੰਚਾਰੂ ਢੰਗ ਨਾਲ ਬਹਾਲ ਕਰਵਾਇਆ ਗਿਆ । ਇਸ ਐਕਸੀਡੈਂਟ ਸਬੰਧੀ ਥਾਣਾ ਕਾਠਗੜ੍ਹ ਨੂੰ ਸੂਚਿਤ ਕੀਤਾ ਗਿਆ ਜਿੱਥੋਂ ਏ ਐਸ ਆਈ ਰਾਸ ਕੁਮਾਰ ਪੁਲਿਸ ਪਾਰਟੀ ਮੌਕੇ ਤੇ ਪਹੁੰਚ ਕੇ ਵਾਹਨਾਂ ਨੂੰ ਕਬਜ਼ੇ ਵਿਚ ਲੈ ਕੇ ਅਗਰੇਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।



# ਕਰਨਵੀਰ ਕਟਾਰੀਆ ਨੇ ਵੋਟਰਾਂ ਦਾ ਦਿਲੋਂ ਧੰਨਵਾਦ ਕੀਤਾ...




**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨੀਂ ਹੋਈਆਂ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਜੋਨ ਪੋਜੇਵਾਲ ਤੋਂ ਉਮੀਦਵਾਰ ਕਰਨਵੀਰ ਕਟਾਰੀਆ ਨੇ ਚੋਣ ਤੋਂ ਬਾਅਦ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਕਟਾਰੀਆ ਨੇ ਵੋਟਰਾਂ ਵੱਲੋਂ ਦਿੱਤੇ ਭਰੋਸੇ ਅਤੇ ਸਮਰਥਨ ਲਈ ਆਭਾਰ ਪ੍ਰਗਟਾਇਆ। ਕਰਨਵੀਰ ਕਟਾਰੀਆ ਨੇ ਅੱਜ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ, "ਮੈਂ ਉਨ੍ਹਾਂ ਸਾਰੇ ਵੋਟਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੋਲਿੰਗ ਬੂਥ ਤੱਕ ਪਹੁੰਚ ਕੇ ਲੋਕਤੰਤਰ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈ ਅਤੇ ਮੇਰੇ ਹੱਕ ਵਿੱਚ ਵੋਟ ਪਾਈ। ਇਹ ਵੋਟਾਂ ਮੇਰੇ ਪ੍ਰਤੀ ਤੁਹਾਡੇ ਵਿਸ਼ਵਾਸ ਦਾ ਪ੍ਰਤੀਕ ਹਨ।" ਉਨ੍ਹਾਂ ਕਿਹਾ ਕਿ ਚੋਣਾਂ ਵਿੱਚ ਹਾਰ-ਜਿੱਤ ਇੱਕ ਪੱਖ ਹੈ, ਪਰ ਲੋਕਾਂ ਦਾ ਪਿਆਰ ਅਤੇ ਸਹਿਯੋਗ ਹੀ ਅਸਲ ਜਿੱਤ ਹੈ। ਕਟਾਰੀਆ ਨੇ ਕਿਹਾ ਕਿ ਉਹ ਇਲਾਕੇ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ, ਵਿਕਾਸ ਕਾਰਜ ਮੇਰੀ ਪਹਿਲ ਹੋਣਗੇ। ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।" ਇਸ ਮੌਕੇ, ਉਨ੍ਹਾਂ ਨੇ ਆਪਣੀ ਪਾਰਟੀ ਦੇ ਆਗੂਆਂ, ਸਮਰਥਕਾਂ ਅਤੇ ਚੋਣ ਮੁਹਿੰਮ ਵਿੱਚ ਕੰਮ ਕਰਨ ਵਾਲੇ ਵਰਕਰਾਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਨੇ ਵਿਰੋਧੀ ਧਿਰ ਦੇ ਉਮੀਦਵਾਰਾਂ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਸਾਰੇ ਰਲ ਕੇ ਇਲਾਕੇ ਦੀ ਭਲਾਈ ਲਈ ਕੰਮ ਕਰਨਗੇ। ਕਟਾਰੀਆ ਨੇ ਅੰਤ ਵਿੱਚ ਕਿਹਾ ਕਿ ਉਹ ਭਵਿੱਖ ਵਿੱਚ ਵੀ ਆਪਣੇ ਇਲਾਕੇ ਦੇ ਲੋਕਾਂ ਦੇ ਸੇਵਾਦਾਰ ਬਣ ਕੇ ਰਹਿਣਗੇ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨਾ ਉਨ੍ਹਾਂ ਦਾ ਮੁੱਖ ਮਕਸਦ ਹੈ।

# ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪੁਲਿਸ ਪ੍ਰਸ਼ਾਸਨ ਵਲੋਂ ਅਮਨ ਕਾਨੂੰਨ ਨਾਲ ਵੋਟਾ ਪਵਾਈਆਂ ਗਈਆਂ

## ਐਸ ਐਸ ਓ ਅਭਿਸ਼ੇਕ ਸ਼ਰਮਾ ਨਵਾਂਸ਼ਹਿਰ /ਕਾਠਗੜ੍ਹ ਨੇ ਕੀਤਾ ਇਲਾਕਾ ਨਿਵਾਸੀਆਂ ਅਤੇ ਵੋਟਰਾਂ ਦਾ ਧੰਨਵਾਦ



**ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )-** ਸੂਬੇ ਅੰਦਰ ਜਿਲ੍ਹਾਂ ਪਰਿਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਸ਼ਾਤੀਪੂਰਕ ਸੰਪਨ ਹੋ ਗਈਆਂ ਞ ਇਸ ਦੇ ਲਈ ਥਾਣਾ ਕਾਠਗੜ੍ਹ ਦੇ ਐਸ ਐਸ ਓ ਅਭਿਸ਼ੇਕ ਸ਼ਰਮਾ ਨੇ ਸਾਰੇ ਇਲਾਕੇ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਞ ਉਨ੍ਹਾਂ ਦੱਸਿਆਂ ਕਿ ਪੁਲਿਸ ਅਤੇ ਪ੍ਰਸ਼ਾਸ਼ਨ ਵਲੋਂ ਚੋਣਾਂ ਨੂੰ ਲੈ ਕੇ ਪੁਖਤਾ ਪ੍ਰਬੰਧ ਕੀਤੇ ਹੋਏ ਸਨ ਞ ਪੁਲਿਸ ਪ੍ਰਸ਼ਾਸਨ ਵਲੋਂ ਵੋਟਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪੁਲਿਸ ਪ੍ਰਸ਼ਾਸਨ ਵਲੋਂ ਅਮਨ ਸ਼ਾਂਤੀ ਨਾਲ ਵੋਟਾਂ ਪਵਾਈਆਂ ਗਈਆਂ ਞ ਪੁਲਿਸ ਵਲੋਂ ਪੈਟ੍ਰੋਲਿੰਗ ਟੀਮਾਂ ਲਗਾਈਆਂ ਗਈਆ ਜੋ ਕਿ ਵੱਖ ਵੱਖ ਪਿੰਡਾਂ ਵਿਚ ਜਾਂ ਕੇ ਚੋਣ ਬੂਥਾਂ ਦੀ ਨਿਗਰਾਨੀ ਰੱਖ ਰਹੀਆਂ ਸਨ ਞ ਚੋਣਾਂ ਦੋਰਾਨ ਕਿਸੇ ਵੀ ਅਣਸੁਖਾਵੀਂ ਘਟਨਾ ਨਹੀ ਵਾਪਰੀ ਇਸ ਲਈ ਇਲਾਕੇ ਦੇ ਲੋਕਾਂ ਅਤੇ ਵੋਟਰਾਂ ਦਾ ਧੰਨਵਾਦ ਕੀਤਾ ।

# ਸਿੱਖ ਸਪੋਰਟਸ ਐਸੋਸੀਏਸ਼ਨ ਵੱਲੋਂ ਵੱਖ- ਵੱਖ ਖੇਤਰ ਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ




**ਸਿੱਖ ਸਪੋਰਟਸ ਐਸੋਸੀਏਸ਼ਨ ਲੈਸਟਰ ਯੂ.ਕੇ ਵੱਲੋਂ ਵੱਖ ਵੱਖ ਖੇਤਰ ਚ ਸੇਵਾਵਾਂ ਨਿਭਾਉਣ ਵਾਲਿਆਂ ਦਾ ਸਨਮਾਨ ਕੀਤੇ ਜਾਣ ਦਾ ਦ੍ਰਿਸ਼।ਤਸਵੀਰ:- ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**-ਸਿੱਖ ਸਪੋਰਟਸ ਐਸੋਸੀਏਸ਼ਨ ਲੈਸਟਰ ਯੂ ਕੇ ਵੱਲੋਂ ਖੇਡਾਂ ਦੇ ਖੇਤਰ ਅਤੇ ਹੋਰ ਸਮਾਜ ਸੇਵੀ ਗਤੀਵਿਧੀਆਂ ਚ ਸੇਵਾ ਨਿਭਾਉਣ ਵਾਲੀਆ ਸ਼ਖ਼ਸੀਅਤਾਂ ਦਾ ਵੱਡੇ ਪੱਧਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਸਿੱਖ ਸਪੋਰਟਸ ਐਸੋਸੀਏਸ਼ਨ ਦੇ ਪ੍ਰਧਾਨ ਪਿਆਰਾ ਸਿੰਘ ਕਲੇਰ ਅਤੇ ਜਨਰਲ ਸਕੱਤਰ ਗੁਰਿੰਦਰ ਸਿੰਘ ਸਮਰਾ ਨੇ ਦੱਸਿਆ ਕਿ ਹਰ ਸਾਲ ਸਿੱਖ ਸਪੋਰਟਸ ਐਸੋਸੀਏਸ਼ਨ ਵੱਲੋਂ ਲੈਸਟਰ ਵਿਖੇ ਵੱਡੇ ਪੱਧਰ ਤੇ ਖੇਡ ਟੂਰਨਾਮੈਂਟ ਕਰਵਾਏ ਜਾਂਦੇ ਹਨ ਅਤੇ ਖੇਡਾਂ ਵਿੱਚ ਜੇਤੂ ਰਹਿਣ ਵਾਲੇ ਖਿਡਾਰਿਆਂ ਨੂੰ ਮੌਕੇ ਤੇ ਇਨਾਮ ਤਕਸੀਮ ਕੀਤੇ ਜਾਂਦੇ ਹਨ। ਇਸ ਮੌਕੇ ਤੇ ਸੀਨੀਅਰ ਅਕਾਲੀ ਆਗੂ ਅਤੇ ਸਮਾਜ ਸੇਵੀ ਕਾਰਜਾਂ ਚ ਸੇਵਾ ਨਿਭਾਉਣ ਵਾਲੇ ਮੁਖਤਿਆਰ ਸਿੰਘ ਝੰਡੇਰ ਅਤੇ ਉਹਨਾਂ ਬਰਤਾਨੀਆ ਪੁਲਿਸ ਵਿੱਚ ਸੇਵਾ ਨਿਭਾ ਰਹੀ ਬੇਟੀ ਹਰਕਵਲ ਕੌਰ ਸਮੇਤ ਗੁਰਜੰਟ ਸਿੰਘ, ਹਿੰਮਤ ਸਿੰਘ ਗਿੱਲ, ਅਸਵੀਰ ਸਿੰਘ ਜੋਹਲ, ਨਿਤਪ੍ਰੀਤ ਸਿੰਘ, ਤਰਨਜੀਤ ਸਿੰਘ ਵਾਲੀਆ, ਬਲਿੰਦਰ ਸਿੰਘ ਸਮਰਾ, ਅਮਰਜੀਤ ਸਿੰਘ, ਗੁਰਵਿੰਦਰ ਸਿੰਘ ਬਸਰਾ, ਮਨਜੀਤ ਸਿੰਘ, ਨਿਰਮਲ ਸਿੰਘ, ਮਨਜੀਤ ਸਿੰਘ, ਜਗਤਾਰ ਸਿੰਘ, ਰਘਬੀਰ ਸਿੰਘ, ਨਸਿੱਤਰ ਸਿੰਘ, ਸੁਰਜੀਤ ਕੌਰ ਰਾਏ, ਜਸਬੀਰ ਕੌਰ ਮਾਨ, ਰਜਿੰਦਰ ਕੌਰ ਤੱਖੜ, ਦੀਦਾਰ ਕੌਰ, ਅਵਤਾਰ ਸਿੰਘ, ਕੇਵਲ ਸਿੰਘ ਮਾਨ, ਹਰਭਜਨ ਸਿੰਘ, ਸੁਖਦੇਵ ਸਿੰਘ ਸੰਘਾ, ਲਾਲ ਸਿੰਘ, ਅਜੈਬ ਸਿੰਘ, ਅਜਮੇਰ ਸਿੰਘ ਬਸਰਾ ਸਮੇਤ ਹੋਰਨਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਗੁਰਜੀਤ ਸਿੰਘ ਸਮਰਾ, ਲਖਵਿੰਦਰ ਸਿੰਘ ਜੌਹਲ, ਕਸ਼ਮੀਰ ਸਿੰਘ ਖਾਲਸਾ, ਓਡਬੀ ਵਿੰਗਸਟਨ ਕੌਂਸਲ ਦੀ ਮੇਅਰ ਜਸਵੀਰ ਕੌਰ ਚੌਹਾਨ, ਲੈਸਟਰ ਸਿਟੀ ਕੌਂਸਲ ਦੇ ਸਾਬਕਾ ਲੋਡ ਮੇਅਰ ਦੀਪਕ ਜਹਾਜ, ਹਰਭਜਨ ਸਿੰਘ ਢਾਡੀ, ਐਸ ਪੀ ਸਿੰਘ, ਸੁਖਦੇਵ ਸਿੰਘ ਬਾਸਲ, ਗੁਰਿੰਦਰ ਕੌਰ, ਸਮੇਤ ਵੱਡੀ ਗਿਣਤੀ ਚ ਲੈਸਟਰ ਅਤੇ ਆਸ ਪਾਸ ਦੇ ਲੋਕ ਹਾਜ਼ਿਰ ਸਨ।ਇਸ ਮੌਕੇ ਤੇ ਸਿੱਖ ਸਪੋਰਟਸ ਐਸੋਸੀਏਸ਼ਨ ਵੱਲੋਂ ਇਕੱਤਰ ਹੋਏ ਵੱਡੀ ਗਿਣਤੀ ਚ ਲੈਸਟਰ ਅਤੇ ਹੋਰ ਆਸ ਪਾਸ ਦੇ ਪਤਵੰਤਿਆਂ ਨੂੰ ਰਾਤ ਦਾ ਭੋਜਨ ਵੀ ਦਿੱਤਾ ਗਿਆ।

# 12 ਗੀਤਾਂ ਦੀ ਐਲਬਮ "ਸਾਡਾ ਗੁਰੂ ਸਾਨੂੰ ਪਿਆਰਾ " ਨਾਲ ਗਾਇਕ ਕੰਠ ਕਲੇਰ ਗੁਰੂ ਰਵਿਦਾਸ ਮਹਿਮਾ ਦਾ ਕਰਨਗੇ ਗੁਣਗਾਨ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਹਰਮਨ ਪਿਆਰੇ ਅਤੇ ਸੁਰੀਲੇ ਗਾਇਕ ਕੰਠ ਕਲੇਰ ਇੱਕ ਵਾਰ ਫੇਰ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ 'ਸਾਡਾ ਗੁਰੂ ਸਾਨੂੰ ਪਿਆਰਾ ਦੇ ਟਾਈਟਲ ਹੇਠ 12 ਗੀਤਾਂ ਦਾ ਗੁਲਦ-ਸਤਾ ਸੰਗਤ ਦੀ ਝੋਲੀ ਪਾਉਣ ਜਾ ਰਹੇ ਹਨ । ਇਸ ਸਬੰਧੀ ਵਿਸ਼ੇਸ਼ ਤੌਰ ਤੇ ਪ੍ਰੋਡਿਊਸਰ ਕਮਲ ਕਲੇਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਗਾਇਕ ਕੰਠ ਕਲੇਰ ਦੇ ਇਹਨਾਂ ਵੱਖ ਵੱਖ ਧਾਰਮਿਕ ਮਹਿਮਾ ਰੂਪੀ ਗੀਤਾਂ ਨੂੰ ਪੰਮ ਮੋਰੋਂ ਵਾਲਾ, ਮਦਨ ਜਲੰਧਰੀ, ਰੱਤੂ ਰੰਧਾਵਾ, ਗੋਲਡੀ ਦਰਦੀ, ਮੰਗਲ ਹਠੂਰ , ਸੋਨੂ ਮੂਸਾਪੁਰੀਆ ਜਿਹੇ ਪ੍ਰਸਿੱਧ ਗੀਤਕਾਰਾਂ ਨੇ ਕਲਮਬੱਧ ਕੀਤਾ ਹੈ ਅਤੇ ਇਸ ਦਾ ਅਮਰ ਦਾ ਮਿਊਜਿਕ



ਮਿਰਰ ਅਤੇ ਬਮਨ ਤੇ ਕਮਲ ਕਲੇਰ ਵਰਗੇ ਸੰਗੀਤਕਾਰਾਂ ਨੇ ਸੁਰੀਲੀਆਂ ਧੁੰਨਾਂ ਬਣਾਈਆਂ ਹਨ। ਗੀਤਾਂ ਦਾ ਫਿਲਮਾਂਕਣ ਵੀਡੀਓ ਡਾਇਰੈਕਟਰ ਸੋਮਨਾਥ ਹੀਰ ਅਤੇ ਮਨਦੀਪ ਰੰਧਾਵਾ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ ਹੈ । ਕਮਲ ਕਲੇਰ ਨੇ ਦੱਸਿਆ ਕਿ ਕੰਠ ਕਲੇਰ ਦੀ ਸਮੁੱਚੀ ਟੀਮ ਵੱਲੋਂ ਬਹੁਤ ਹੀ ਮਿਹਨਤ ਨਾਲ ਇਸ ਪ੍ਰੋਜੈਕਟ ਨੂੰ ਤਿਆਰ ਕੀਤਾ ਗਿਆ ਹੈ ਅਤੇ ਇਸ ਐਲਬਮ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਚਰਨਾਂ ਨੂੰ ਨਤਮਸਤਕ ਹੁੰਦਿਆਂ ਗਾਇਕ ਕੰਠ ਕਲੇਰ ਵੱਲੋਂ ਸੰਗਤ ਦਾ ਪਹਿਲਾਂ ਵਾਂਗ ਪਿਆਰ ਮਿਲਣ ਦੀ ਪੂਰੀ ਆਸ ਜਤਾਈ ਹੈ । ਜ਼ਿਕਰਯੋਗ ਹੈ ਕਿ ਡੇਰਾ ਸੱਚਖੰਡ ਬੱਲਾਂ ਵਿੱਚ ਵੀ ਇਹਨਾਂ ਵੱਖ-ਵੱਖ ਟਰੈਕਸ ਦੀ ਸ਼ੂਟਿੰਗ ਕੀਤੀ ਗਈ ਅਤੇ ਸਤਿਗੁਰੂ ਸਵਾਮੀ ਨਿਰੰਜਨ ਦਾਸ ਮਹਾਰਾਜ ਜੀ ਪਾਸੋਂ ਗਾਇਕ ਕੰਠ ਕਲੇਰ ਨੇ ਚੜ੍ਹਦੀ ਕਲਾ ਦਾ ਆਸ਼ੀਰਵਾਦ ਲਿਆ ।

# ਗਾਇਕ ਕੁਲਦੀਪ ਚੁੰਬਰ ਦੀ ਗੀਤਾਂ ਦੀ ਡੇਰਾ ਸੱਚਖੰਡ ਬੱਲਾਂ ਵਿੱਚ ਸ਼ੂਟਿੰਗ ਮੁਕੰਮਲ

## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਤੇ 10 ਗੀਤਾਂ ਨਾਲ ਭਰਾਂਗਾ ਹਾਜ਼ਰੀ – 'ਗਾਇਕ "ਕੁਲਦੀਪ ਚੁੰਬਰ"

**ਵੈਨਕੂਵਰ /ਕੈਨੇਡਾ** – ਜਗਤ ਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਉਹਨਾਂ ਦੀ ਮਹਿਮਾ ਅਤੇ ਮਹਾਨਤਾ ਨੂੰ ਗਾਉਂਦਿਆਂ ਗਾਇਕ ਕੁਲਦੀਪ ਚੁੰਬਰ ਵਲੋਂ ਸੰਗਤ ਦੇ ਸਨਮੁੱਖ 10 ਵੱਖ-ਵੱਖ ਧਾਰਮਿਕ ਗੀਤਾਂ ਦਾ ਗੁਲਦਸਤਾ ਹਾਜ਼ਰ ਕੀਤਾ ਜਾ ਰਿਹਾ ਹੈ। ਜਿਸ ਦੀ ਜਾਣਕਾਰੀ ਦਿੰਦਿਆਂ ਗਾਇਕ ਕੁਲਦੀਪ ਚੁੰਬਰ ਨੇ ਦੱਸਿਆ ਕਿ ਇਹਨਾਂ ਸਾਰੇ ਟਰੈਕਸ ਦੀ ਆਡੀਓ ਤੇ ਵੀਡੀਓ ਮੁਕੰਮਲ ਹੋ ਚੁੱਕੀ ਹੈ। ਇਹਨਾਂ ਵੱਖ ਵੱਖ ਟਰੈਕਸ ਨੂੰ ਗੀਤਕਾਰ ਰੱਤੂ ਰੰਧਾਵਾ, ਲਿਆਸ ਲੇਸੜੀਵਾਲ ਅਤੇ ਖੁਦ ਗਾਇਕ ਕੁਲਦੀਪ ਚੁੰਬਰ ਨੇ ਕਲਮਬੱਧ ਕੀਤਾ ਹੈ । ਇਹਨਾਂ ਵੱਖ ਵੱਖ ਰਚਨਾਵਾਂ ਦਾ ਵੀਡੀਓ ਫਿਲਮਾਂਕਣ ਰਿੰਕਾ ਨਸਰਾਲਾ ਦੀ ਪੂਰੀ ਟੀਮ ਕੈਮਰਾਮੈਨ ਰਾਜਨ ਬਟਾਲਾ, ਸੋਨੂ ਨਸਰਾਲਾ ਵਲੋਂ ਸ਼ਾਨਦਾਰ ਢੰਗ ਨਾਲ ਵੱਖ ਵੱਖ ਲੋਕੇਸ਼ਨਾਂ ਤੇ ਕੀਤਾ ਗਿਆ ਹੈ । ਹੁਸ਼ਿਆਰਪੁਰ ਦੇ ਵੱਖ-ਵੱਖ ਧਾਰਮਿਕ ਸਥਾਨਾਂ ਤੋਂ ਇਲਾਵਾ ਇਹਨਾਂ ਗੀਤਾਂ ਦਾ ਫਿਲਮਾਂਕਣ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਪਰਮ ਸੰਤ ਸਤਿਗੁਰੂ ਨਿਰੰਜਨ ਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਡੇਰਾ ਸੱਚਖੰਡ ਬੱਲਾਂ ਵਿਖੇ ਵੀ ਕੀਤਾ ਗਿਆ, ਜਿੱਥੇ ਮਹਾਂਪੁਰਸ਼ਾਂ ਵਲੋਂ ਲੋਕ ਗਾਇਕ ਕੁਲਦੀਪ ਚੁੰਬਰ ਅਤੇ ਉਹਨਾਂ ਦੀ ਸਮੁੱਚੀ ਟੀਮ ਨੂੰ ਇਸ ਸ਼ੁਭ ਕਾਰਜ ਲਈ ਹਾਰਦਿਕ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ । ਆਉਣ ਵਾਲੇ ਕੁਝ ਦਿਨਾਂ ਵਿੱਚ ਹੀ ਇਹਨਾਂ ਨੂੰ ਵੱਖ-ਵੱਖ ਰਚਨਾਵਾਂ ਨੂੰ ਅਲੱਗ ਅਲੱਗ ਕੰਪਨੀਆਂ ਦੇ ਜ਼ਰੀਏ ਸੰਗਤ ਦੇ ਸਨਮੁੱਖ ਪੇਸ਼ ਕਰ ਦਿੱਤਾ ਜਾਵੇਗਾ।








# ਜਿਸ ਤਰਾਂ ਹਨੇਰੇ ਨੂੰ ਦੂਰ ਕਰਨ ਲਈ ਲੋਅ ਦੀ ਲੋੜ ਹੈ ਉਸੇ ਤਰਾਂ ਅੰਧਵਿਸ਼ਵਾਸ ਨੂੰ ਦੂਰ ਕਰਨ ਲਈ ਵਿਗਿਆਨਕ ਸੋਚ ਦੇ ਚਾਨਣ ਦੀ : ਤਰਕਸ਼ੀਲ

**ਨਿਰੇ ਵਹਿਮ/ਅੰਧਵਿਸ਼ਵਾਸ/ ਰੂੜ੍ਹੀਵਾਦੀ ਵਿਚਾਰ**

: ਸਮਾਜ ਵਿੱਚ ਕੁਝ ਅੰਧਵਿਸ਼ਵਾਸ ਅਜਿਹੇ ਹੁੰਦੇ ਹਨ ਜਿੰਨਾਂ ਕਾਰਣ ਮਨੁੱਖ ਡਰਦਾ ਹੈ,ਜਿਵੇਂ ਸੂਰਜ ਗ੍ਰਹਿਣ ਸਮੇਂ ਹਨੇਰਾ ਹੋਣਾ,ਤਾਰਾ ਟੁੱਟਣ ਸਮੇਂ ਧਰਤੀ ਵੱਲ ਪ੍ਰਕਾਸ਼ ਦੀ ਲਾਈਨ ਅਕਾਸ਼ ਵਿੱਚ ਵਿਖਾਈ ਦੇਣਾ।ਤਾਰਾ ਟੁੱਟਣ ਵੇਲੇ ਇਹ ਵਹਿਮ ਕੀਤਾ ਜਾਂਦਾ ਸੀ ਜਦੋਂ ਤਾਰਾ ਟੁੱਟਦਾ ਉਦੋਂ ਕਿਸੇ ਦੀ ਮੌਤ ਹੁੰਦੀ ਹੈ।ਇਸ ਲਈ ਤਾਰੇ ਦਾ ਟੁੱਟਣਾ ਜਾਂ ਉਲਕਾ ਦਾ ਧਰਤੀ ਵੱਲ ਆਉਣਾ ਅਸ਼ੁਭ ਮੰਨਿਆ ਜਾਂਦਾ।

ਇਸੇ ਤਰਾਂ ਧੂਮਕੇਤੂ ਵੀ ਜਦ ਅਕਾਸ਼ ਵਿੱਚ ਵਿਖਾਈ ਦਿੰਦਾ ਹੈ ਤਾਂ ਉਸਦੇ ਪਿੱਛੇ ਅੱਗ ਦੇ ਗੋਲੇ ਵਰਗੀਆਂ ਬਲਦੀਆਂ ਗੈਸਾਂ ਵਿਖਾਈ ਦਿੰਦੀਆਂ ਹਨ।ਧੂਮਕੇਤੂ ਦੇ ਵਿਖਾਈ ਦੇਣ ਤੋਂ ਬਾਅਦ ਇਹ ਅੰਧਵਿਸ਼ਵਾਸ ਹੈ ਕਿ ਕੋਈ ਮਹਾਂਮਾਰੀ ਫੈਲ ਸਕਦੀ ਹੈ ਜਾਂ ਲੜਾਈ ਲੱਗ ਸਕਦੀ ਹੈ। ਕੁੱਝ ਵਹਿਮਾਂ ਅਨੁਸਾਰ ਹੜਾਂ ਨਾਲ ਭਾਰੀ ਤਬਾਹੀ ਫੈਲਦੀ ਹੈ। ਹੜ੍ਹ ਵੱਡੇ ਵੱਡੇ ਰੁੱਖਾਂ ਜਾਂ ਪਹਾੜਾਂ ਨੂੰ ਵੀ ਰੋੜ ਲੈ ਜਾਂਦੇ ਹਨ।ਇਸੇ ਕਰਕੇ ਲੋਕਾਂ ਨੇ ਇਸਦਾ ਨਾਮ ਖੁਵਾਜਾ ਰੱਖ ਦਿੱਤਾ।ਕਈ ਵਹਿਮੀ ਲੋਕ ਵਹਿਮ ਕਰਦੇ ਹਨ ਕਿ ਹੜਾਂ ਸਮੇ ਖੁਵਾਜਾ ਪੀਰ ਹੜ੍ਹ ਦੇ ਅੱਗੇ ਅੱਗੇ ਕੁਹਾੜਾ ਲੈ ਕੇ ਤੁਰਦਾ ਹੈ ਅਤੇ ਰੁੱਖਾਂ ਨੂੰ ਕੱਟਦਾ ਹੈ।ਤੂਫਾਨ, ਚੱਕਰਵਾਤ ਤੇ ਵਾਵਰੋਲੇ ਵਿੱਚ ਵੀ ਕਈ ਲੋਕ ਬੁਰੀਆਂ ਆਤਮਾਵਾਂ ਜਾਂ ਭੂਤ ਪਰੇਤਾਂ ਨੂੰ ਮੰਨਦੇ ਹਨ।

ਕੁਝ ਦੇਸ਼ਾਂ ਵਿੱਚ ਸਮੁੰਦਰੀ ਜਹਾਜ ਨੂੰ ਚਲਾਉਣ ਤੋਂ ਪਹਿਲਾਂ ਸਮੁੰਦਰ ਦੇ ਦੇਵਤੇ ਨੂੰ ਖ਼ੁਸ਼ ਕਰਨ ਲਈ ਸ਼ਰਾਬ ਦੀ ਬੋਤਲ ਚੜ੍ਹਾਉਂਦੇ ਹਨ। ਕੁੱਝ ਲੋਕ 13 ਦੇ ਅੰਕ ਨੂੰ ਅਸ਼ੁਭ ਮੰਨਦੇ ਹਨ ਇਸ ਲਈ ਲੀ-ਕਾਰਬੂਜ਼ੇ ਨੇ ਚੰਡੀਗੜ ਵਿੱਚ 13 ਨੰਬਰ ਸੈਕਟਰ ਨਹੀ ਬਣਾਇਆ। ਕਈ ਲੋਕ ਉਲੂ ਦੇ ਬੋਲਣ ਨੂੰ ਮੌਤ ਨਾਲ ਜੋੜਦੇ ਹਨ ਜਦ ਕਿ ਕਾਂ ਦੇ ਬਨੇਰੇ ਤੇ ਬੋਲਣ ਨੂੰ ਕਿਸੇ ਦੇ ਆਉਣ ਦਾ ਅੰਦਾਜ਼ਾ ਲਾਉਂਦੇ ਹਨ।

ਕਬੂਤਰ ਉਜਾੜ ਭਾਲਦੇ ਕਿਹਾ ਜਾਂਦਾ,ਜਦ ਕਿ ਲੋਕ ਕਬੂਤਰਾਂ ਨੂੰ ਪਾਲਦੇ ਹਨ।

ਹੁਣ ਦੇ ਸਮੇਂ ਕਿਸੇ ਸ਼ਗਨ ਵਿਹਾਰ ਦੇ ਸਮੇਂ ਸਰੋਂ ਦਾ ਤੇਲ ਕੌਲਿਆਂ ਤੇ ਪਾਉਂਦੇ ਹਾਂ ਜਾਂ ਕਹਿ ਲਈਏ ਸ਼ਗਨ ਵੇਲੇ ਪ੍ਰਾਹੁਣੇ ਜਦੋਂ ਮੁੱਖ ਦਰਵਾਜ਼ੇ ਤੇ ਪਹੁੰਚਦੇ ਹਨ ਤਾਂ ਤੇਲ ਚੋਇਆ ਜਾਂਦਾ ਹੈ,ਇਸ ਦਾ ਅਸਲ ਕਾਰਨ ਹੈ ਕਿ ਪਹਿਲੇ ਸਮਿਆਂ ਵਿੱਚ ਮੁੱਖ ਦਰਵਾਜ਼ੇ ਲੱਕੜ ਦੇ ਹੁੰਦੇ ਸਨ ਤੇ ਉਦੋਂ ਉਹਨਾਂ ਦੀਆਂ ਚੂਲਾਂ ਵਿੱਚ ਤੇਲ ਪਾ ਦਿੱਤਾ ਜਾਂਦਾ ਸੀ ਕਿ ਬੂਹੇ ਨੂੰ ਖੋਲ੍ਹਦਿਆਂ ਜਾਂ ਭੇੜਦਿਆਂ ਬੂਹਾ ਅਵਾਜ਼ ਨਾ ਕਰੇ ਤਾਂ ਜੋ ਆਏ ਹੋਏ ਪ੍ਰਾਹੁਣੇ ਨੂੰ ਬੂਹੇ ਦੀ ਅਵਾਜ਼ ਨਾ ਰੜਕੇ।

ਕਈ ਕਹਿੰਦੇ ਹਾਂ ਕਿ ਰਾਤ ਦੀ ਸਲਾਹ ਮਾੜੀ ਹੁੰਦੀ ਹੈ ਇਹ ਵਹਿਮ ਹੈ,ਅਸਲ ਗੱਲ ਹੈ ਕਿ ਬੀਤੇ ਵੇਲਿਆਂ ਵਿੱਚ ਲੋਕ ਪਹਿਲੇ ਪਹਿਰ ਹੀ ਬਲਦਾਂ ਨੂੰ ਲੈ ਕੇ ਖੇਤ ਕੰਮ ਕਰਨ ਚਲੇ ਜਾਂਦੇ ਸਨ ਤੇ ਸ਼ਾਮ ਵੇਲੇ ਘਰ ਮੁੜਦੇ ਸਨ,ਸਾਰਾ ਦਿਨ ਕੰਮ ਕਰਨ ਕਰ ਕੇ ਥਕੇਵਾਂ ਹੋ ਜਾਂਦਾ ਸੀ ਸੋ ਉਹਨਾਂ ਦੀ ਨੀਂਦ ਖਰਾਬ ਨਾ ਹੋਵੇ ਤਾਂ ਕੋਈ ਗੱਲ ਨਹੀਂ ਸੀ ਕਰਦਾ ਕਿਉਂਕਿ ਤੜਕਸਾਰ ਉਹਨਾਂ ਫੇਰ ਖੇਤ ਜਾਣਾ ਹੁੰਦਾ ਸੀ। ਮਨੁੱਖ ਨੂੰ ਹਰ ਕੁਦਰਤੀ ਤੇ ਸਮਾਜਿਕ ਵਰਤਾਰੇ ਦੀ ਸਚਾਈ ਜਾਨਣ ਲਈ ਕੀ ,ਕਿਉਂ,ਕਿਵੇਂ ਆਦਿ ਵਿਗਿਆਨਕ ਗੁਣਾਂ ਨੂੰ ਲੜ ਬੰਨ੍ਹਣਾ ਚਾਹੀਦਾ ਹੈ । ਇੱਥੇ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਦੇ ਕਾਰਨਾਂ ਨੂੰ ਜਾਨਣਾ ਹੀ ਤਰਕਸ਼ੀਲਤਾ ਹੈ। ਸ਼ੁਰੂ ਵਿੱਚ ਜਦ ਮਨੁੱਖ ਦਾ ਦਿਮਾਗ ਵਿਕਸਿਤ ਨਹੀਂ ਹੋਇਆ ਸੀ, ਓਦੋਂ ਬਹੁਤ ਸਾਰੇ ਅੰਧਵਿਸ਼ਵਾਸ ਪੈਦਾ ਹੋਏ ਪਰ ਇਸ ਸਮੇਂ ਵਿਗਿਆਨ ਨੇ ਕੁਦਰਤ ਦੇ ਬਹੁਤ ਸਾਰੇ ਰਾਜ਼ਾਂ ਨੂੰ ਜਾਣ ਲਿਆ ਹੈ ਤੇ ਰਹਿੰਦੇ ਵਰਤਾਰਿਆਂ ਨੂੰ ਜਾਨਣ ਲਈ ਯਤਨਸ਼ੀਲ ਹੈ।ਲੋੜ ਹੈ ਆਪਣਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣ ਦੀ।

ਤਰਕਸ਼ੀਲਾਂ ਦਾ ਸੁਨੇਹਾ – ਅੰਧਵਿਸ਼ਵਾਸ ਭਜਾਓ, ਵਿਗਿਆਨਕ ਸੋਚ ਅਪਣਾਓ ਇਹ ਹੀ ਹੈ ਮਨੁੱਖੀ ਗੁਣਾਂ ਦਾ ਗਹਿਣਾ।



**ਮਾਸਟਰ ਪਰਮਵੇਦ**
ਤਰਕਸ਼ੀਲ ਆਗੂ
ਤਰਕਸ਼ੀਲ ਸੁਸਾਇਟੀ ਪੰਜਾਬ
9417422349

# ਸ਼ਹੀਦੀਆਂ ‘ਤੇ ਪ੍ਰਕਾਸ਼ ਪੁਰਬ ਦੀ ਰਾਹ ਵਿੱਚ ਦੁਵਿਧਾ ਦੇ ਅੜਿੱਕੇ

ਇਸ ਸਾਲ ਦਸੰਬਰ ਮਹੀਨੇ ਨੇ ਸਿੱਖ ਕੌਮ ਨੂੰ ਵੱਡੀ ਦੁਵਿਧਾ ਵਿੱਚ ਪਾ ਦਿੱਤਾ ਹੈ। ੨੨ ਦਸੰਬਰ ਅਤੇ ੨੭ ਦਸੰਬਰ ਸਾਹਿਬਜਾਦਿਆਂ ਦੀ ਸ਼ਹੀਦੀ ਦੇ ਦਿਵਸ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਲੰਡਰ ਅਨੁਸਾਰ ੨੭ ਦਸੰਬਰ ਨੂੰ ਹੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਵੀ ਹੈ। ਇਸ ਨਾਲ ਭਾਵਨਾਵਾਂ ਦਾ ਜਬਰਦਸਤ ਵਿਰੋਧਾਭਾਸ ਪੈਦਾ ਹੋ ਗਿਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਸਿੱਖ ਸੰਗਤਾਂ ਸਾਰੇ ਵਿਸ਼ਵ ਵਿੱਚ ਪੂਰੇ ਜਾਹੋ ਜਲਾਲ ਨਾਲ ਮਨਾਉਂਦਿਆਂ ਹਨ।ਇਹ ਮਾਤਰ ਇੱਕ ਦਿਵਸ ਦਾ ਆਯੋਜਨ ਨਹੀਂ ਹੁੰਦਾ।ਘੱਟੋ ਘੱਟ ਦਸ ਦਿਨ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਹਨ , ਨਗਰ ਕੀਰਤਨ ਨਿਕਲਦੇ ਹਨ , ਸਮਾਗਮ ਹੁੰਦੇ ਹਨ। ਇਨ੍ਹਾਂ ਦੀ ਤਿਆਰੀ ਬਹੁਤ ਪਹਿਲਾਂ ਤੂੰ ਹੀ ਆਰੰਭ ਕਰ ਦਿੱਤੀ ਜਾਂਦੀ ਹੈ। ਇਸ ਦੌਰਾਨ ਹੀ ਸਮਾਂ ਸਾਹਿਬ-ਜਾਦਾ ਬਾਬਾ ਅਜੀਤ ਸਿੰਘ ਜੀ , ਬਾਬਾ ਜੁਝਾਰ ਸਿੰਘ ਜੀ , ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਨੂੰ ਵੀ ਸਮਰਪਿਤ ਕਰਨਾ ਹੈ। ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਇੱਕੋ ਦਿਨ ਆ ਰਹੇ ਹਨ। ਇੱਕ ਤਰਫ ਸਾਹਿਬਜਾਦਿਆਂ ਦੀ ਸ਼ਹੀਦੀ ਨਾਲ ਜੁੜਿਆਂ ਭਾਵਨਾਵਾਂ ਹਨ ਜੋ ਮਨ ਅੰਦਰ ਸੋਗ ਪੈਦਾ ਕਰਦਿਆਂ ਹਨ ‘ਤੇ ਦੂਜੀ ਤਰਫ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਉਮੰਗ ਤੇ ਉਤਸ਼ਾਹ। ਇੱਕ ਰਾਹ ਕੱਢੀ ਗਈ ਹੈ ਕਿ ਸੰਗਤਾਂ ਚਾਹੁਣ ਤਾਂ ਪ੍ਰਕਾਸ਼ ਪੁਰਬ ਕਿਸੇ ਹੋਰ ਦਿਨ ਮਨਾ ਲੈਣ। ਪਰ ਤਿਥੀ ਵਿੱਚ ਕੋਈ ਬਦਲਾਵ ਨਹੀਂ ਕੀਤਾ ਗਿਆ ਹੈ। ਇਹ ਭਾਵੇਂ ਤਿਥਿਆਂ ਦੀ ਗਣਿਤ ਦਾ ਮਸਲਾ ਹੈ ਪਰ ਸਵਾਲ ਹੈ ਕਿ ਗਣਿਤ ਲਈ ਕੀ ਭਾਵਨਾਵਾਂ ਨੂੰ ਅਣਦੇਖਾ ਕਰ ਦਿੱਤਾ ਜਾਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਦੇ ਵਚਨ ਹਨ “ ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ “ । ਪ੍ਰੇਮ ਨਿਰੋਲ ਭਾਵਨਾ ਦਾ ਵਿਸ਼ਾ ਹੈ ਜੋ ਮਨ ਅੰਦਰ ਜਨਮ ਲੈਂਦੀ ਹੈ ।

ਮਨ ਜਦੋਂ ਸਾਹਿਬਜਾਦਿਆਂ ਦੀ ਅਦੁੱਤੀ ਸ਼ਹੀਦੀ ਨਾਲ ਜੁੜਦਾ ਹੈ ਤਾਂ ਰੂਹ ਕੰਬਦੀ ਹੈ , ਵਿਰਲਾਪ ਘੇਰਦਾ ਹੈ। ਸ਼ਹੀਦੀਆਂ ਕੌਮ ਲਈ ਮਾਣ ਦਾ ਕਾਰਨ ਹਨ ਪਰ ਸ਼ਹੀਦੀਆਂ ਤੇ ਖੁਸ਼ੀਆਂ ਤਾਂ ਨਹੀਂ ਮਨਾਇਆਂ ਜਾ ਸਕਦੀਆਂ। ਜੇ ਸ਼ਹੀਦੀਆਂ ਦਾ ਸੋਗ ਨਹੀਂ ਕਰਨਾ ਹੈ ਤਾਂ ਸ਼ਹੀਦੀਆਂ ਤੇ ਹਰਖ ਵੀ ਨਹੀਂ ਕੀਤਾ ਜਾ ਸਕਦਾ। ਗੁਰੂ ਗੋਬਿੰਦ ਸਿੰਘ ਸਾਹਿਬ ਤਾਂ ਕਹਿ ਸਕੇ ਸਨ ਕਿ “ ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੁਏ ਤੋਂ ਕਿਆ ਹੁਆ ਜੀਵਤ ਕਈ ਹਜਾਰ। , ਪਰ ਗੁਰੂ ਗੋਬਿੰਦ ਸਿੰਘ ਸਾਹਿਬ ਇੱਕ ਹੀ ਸਨ , ਉਨ੍ਹਾਂ ਜਿਹਾ ਨਾ ਕੋਈ ਹੋਇਆ , ਨਾ ਕੋਈ ਹੋਵੇਗਾ। ਦਸੰਬਰ ਮਹੀਨੇ ਵਿੱਚ ਸਿੱਖ ਸੰਗਤ ਸ਼ਹੀਦੀ ਹਫਤਾ ਜਾਂ ਪੰਦਰਵਾੜਾ ਮਨਾਉਂਦੀ ਹੈ। ਇਸ ਅੰਤਰਾਲ ਵਿੱਚ ਪਾਠ ਕੀਤੇ ਜਾਂਦੇ ਹਨ , ਪ੍ਰਸਾਦ ਵਿੱਚ ਮਿੱਠਾ ਨਹੀਂ ਚੜ੍ਹਾਇਆ ਤੇ ਵਰਤਾਇਆ ਜਾਂਦਾ। ਵਿਆਹ ਆਦਿਕ ਖੁਸ਼ੀ ਦੇ ਕਾਰਜ ਵੀ ਨਹੀਂ ਰੱਖੇ ਜਾਂਦੇ । ਇਹ ਸੋਗ ਨਹੀਂ ਹੁੰਦਾ ਉਸ ਔਖੇ ਸਮੇਂ ਨਾਲ ਮਨ ਨੂੰ ਜੋੜਨ ਅਤੇ ਮਹਿਸੂਸ ਕਰਨ ਦਾ ਜਤਨ ਹੁੰਦਾ ਹੈ ਜੋ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਨੇ ਹੰਡਾਇਆ ਹੋਵੇਗਾ। ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਨੂੰ ਭਾਵਨਾਤਮਕ ਅਹਿਸਾਸ ਤੋਂ ਬਿਨਾ ਸਮਝਿਆ ਹੀ ਨਹੀਂ ਜਾ ਸਕਦਾ।ਸ਼ਹੀਦੀਆਂ ਗੁਰਸਿੱਖ ਲਈ ਇਤਿਹਾਸ ਦੇ ਪੰਨੇ ਨਹੀਂ ਹਨ ਗੁਰਸਿੱਖੀ ਦੀ ਜੀਵੰਤ ਸ਼ੈਲੀ ਹੈ ਜਿਸ ਦੀ ਜਾਚ ਹਰ ਗੁਰਸਿੱਖ ਨੂੰ ਆਉਣੀ ਚਾਹੀਦੀ ਹੈ। ਸਿੱਖ ਕੌਮ ਜਿਤਨੇ ਪੁਰਬ ਮਨਾਉਂਦੀ ਹੈ ਉਹ ਉਤਸਵ ਜਾਂ ਮੇਲੇ ਨਹੀਂ ਹੁੰਦੇ , ਗੁਰਸਿੱਖੀ ਤੇ ਦ੍ਰਿੜ੍ਹ ਰਹਿਣ ਦੀ ਪ੍ਰੇਰਨਾ ਦੇ ਅਵਸਰ ਹੁੰਦੇ ਹਨ। ਮਨ ਨੂੰ ਇੱਕ ਖਾਸ ਸੁਨੇਹਾ ਦੇਣ ਵਾਲੇ ਦਿਵਸ ਹੁੰਦੇ ਹਨ। ਸਾਹਿਬਜਾਦਿਆਂ ਦਿਨ ਸ਼ਹੀਦੀਆਂ ਤੋਂ ਪ੍ਰੇਰਨਾ ਲਈ ਪੂਰਾ ਅਵਸਰ ਤਾਂ ਮਿਲਣਾ ਚਾਹੀਦਾ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਉਣਾ ਇਸ ਅਵਸਰ ਤੋਂ ਦੂਰ ਕਰਨ ਵਾਲਾ ਹੈ।

ਗੁਰੂ ਸਾਹਿਬਾਨ ਨੇ ਸਹਿਜ ਨੂੰ ਸਿੱਖੀ ਦਾ ਆਧਾਰ ਬਣਾਇਆ ਅਤੇ ਕਿਸੇ ਵੀ ਗਿਣਤੀ ਮਿਣਤੀ , ਜੁਗਤ , ਸਿਆਣਪ , ਚਤੁਰਾਈ ਤੋਂ ਦੂਰ ਰੱਖਿਆ। ਗੁਰੂ ਅਮਰਦਾਸ ਸਾਹਿਬ ਦਾ ਵਚਨ ਹੈ ਕਿ “ ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੈ ਕੀਜੈ ਰਾਮ “ । ਪੰਥ ਦੇ ਹਰ ਕਾਰਜ ਵਿੱਚ ਸਹਿਜਤਾ ਹੋਵੇ। ਗਿਣਤੀਆਂ ਸਹਿਜ ਨੂੰ ਭੰਗ ਕਰਦਿਆਂ ਹਨ, ਭਰਮ ਪੈਦਾ ਕਰਦਿਆਂ ਹਨ । ਗਿਣਤੀਆਂ ਕਾਰਨ ਹੀ ਅਜਿਹੀਆਂ ਹਾਸੋ ਹੀਣੀਆਂ ਸਥਿਤੀਆਂ ਪੈਦਾ ਹੁੰਦੀਆਂ ਆਈਆਂ ਹਨ ਕਿ ਇੱਕ ਹੀ ਪੁਰਬ ਸਾਲ ਵਿੱਚ ਦੋ ਵਾਰ ਆ ਗਿਆ । ਇਨ੍ਹਾਂ ਭਰਮਾਂ ਤੋਂ ਦੂਰ ਕਰਨ ਲਈ ਹੀ ਗੁਰੂ ਸਾਹਿਬਾਨ ਨੇ ਮਹੀਨਿਆਂ , ਵਾਰ , ਦਿਨ , ਰੁੱਤਾਂ ਦੇ ਸ਼ਬਦ ਉਚਾਰੇ ਅਤੇ ਨਿਰਣਾਂ ਦਿੱਤਾ ਕਿ ਪ੍ਰੇਮ ਭਾਵਨਾ ਹੀ ਸਰਵਉੱਚ ਹੈ ਜਿਸ ਨਾਲ ਸਾਰੇ ਭਰਮ ਦੂਰ ਹੁੰਦੇ ਹਨ “ ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ “ . ਆਮ ਸਿੱਖ ਅੰਦਰ ਮਾਤਰ ਭਾਵਨਾ ਹੈ। ਹਰ ਪੁਰਬ ਨੂੰ ਉਹ ਭਾਵਨਾ ਨਾਲ ਮਨਾਉਣਾ ਚਾਹੁੰਦਾ ਹੈ। ਉਸ ਨੂੰ ਨਹੀਂ ਗਿਆਤ ਕਿ ਕਿਸ ਗਿਣਤੀ , ਵਿਧੀ ਨਾਲ ਹਰ ਸਾਲ ਤਿਥਿਆਂ ਤੈ ਕੀਤੀਆਂ ਜਾਂਦੀਆਂ ਹਨ ਤੇ ਕਲੰਡਰ ਤਿਆਰ ਕੀਤਾ ਜਾਂਦਾ ਹੈ। ਇਹੋ ਕਾਰਨ ਹੈ ਕਿ ਉਸ ਨੂੰ ਤਿਥਿਆਂ ਦੇ ਅਜਿਹੇ ਵਿਰੋਧਾਭਾਸ ਵੀ ਸਮਝ ਨਹੀਂ ਆਉਂਦੇ। ਉਹ ਭਰਮ ਵਿੱਚ ਪਿਆ ਰਹਿੰਦਾ ਹੈ। ਇਹ ਕੌਮ ਲਈ ਕਿਸੇ ਵੀ ਦ੍ਰਿਸ਼ਟੀ ਨਾਲ ਹਿੱਤਕਾਰੀ ਨਹੀਂ ਹੈ। ਤਿਥਿਆਂ ਦਾ ਹਰ ਵਾਰ ਬਦਲ ਜਾਣਾ , ਹਰ ਸਾਲ ਕੋਈ ਨਾ ਕੋਈ ਭਰਮ ਪੈਦਾ ਹੋ ਜਾਣਾ ਕਿਤੇ ਨ ਕਿਤੇ ਸੰਕੇਤ ਕਰਦਾ ਹੈ ਕਿ ਅਸੀਂ ਉਸ ਪਖੰਡਵਾਦ , ਕਰਮਕਾਂਡ ਵੱਲ ਵੱਧ ਰਹੇ ਹਾਂ ਜਿਸ ਤੋਂ ਗੁਰੂ ਸਾਹਿਬਾਨ ਦੇ ਦੂਰ ਕੀਤਾ ਸੀ। ਲੋੜ ਹੈ ਕਿ ਸਿੱਖ ਪੰਥ ਦੀਆਂ ਜਿੰਮੇਵਾਰ ਸੰਸਥਾਵਾਂ ਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਤੇ ਕੋਈ ਪੱਕਾ ਹੱਲ ਲੱਭਣ। ਗਣਿਤ ਦੀ ਥਾਂ ਗੁਰ ਪੁਰਬਾਂ , ਦਿਵਸਾਂ ਦੇ ਇਤਿਹਾਸਕ ਆਧਾਰ ਲੱਭੇ ਜਾਣੇ ਚਾਹੀਦੇ ਹਨ। ਇਹ ਸੰਭਵ ਹੈ ਕਿਉਂਕਿ ਸਿੱਖ ਇਤਿਹਾਸ ਮਾਤਰ ਪੰਜ ਸ਼ਤਾਬਦੀਆਂ ਪੁਰਾਣਾ ਹੈ। ਇਸ ਵਿੱਚ ਸਮਾਂ ਲੱਗ ਸਕਦਾ ਹੈ ਪਰ ਭਵਿੱਖ ਲਈ ਇੱਕ ਬਹੁਤ ਵੱਡਾ ਕਾਰਜ ਹੋਵੇਗਾ।

ਇਸ ਸਾਲ ਬਹੁਤੀਆਂ ਥਾਵਾਂ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ 27 ਦਸੰਬਰ ਨੂੰ ਮਨਾਉਣ ਤੋਂ ਬਚਿਆ ਜਾ ਰਿਹਾ ਹੈ। ਇਸ ਨੂੰ ਭਾਵਨਾਤਮਕ ਫੈਸਲਾ ਕਿਹਾ ਜਾ ਸਕਦਾ ਹੈ ਜਿਸ ਨੂੰ ਕਮੋਬੇਸ਼ ਸ੍ਰੀ ਅਕਾਲ ਤਖਤ ਸਾਹਿਬ ਦੇ ਪੱਧਰ ਤੇ ਵੀ ਸਵੀਕਾਰ ਕਰ ਲਿਆ ਗਿਆ ਹੈ ਪਰ ਫਿਰ ਕਲੰਡਰ ਦਾ ਕੀ ਅਰਥ ਰਹਿ ਗਿਆ। ਇੱਕ ਬੇਲੋੜੀ ਬਹਿਸ ਵੱਖ ਚੱਲਦੀ ਰਹੀ ਹੈ। ਜੋ ਵੀ ਹੋਵੇ ਪ੍ਰਮਾਣਿਕ ਅਤੇ ਪਾਰਦਰਸ਼ੀ ਹੋਵੇ। ਕੁੱਝ ਠੋਸ ਕੀਤਾ ਜਾਵੇ ਤਾਂ ਜੋ ਅਜਿਹੀਆਂ ਸਥਿਤੀਆਂ ਭਵਿੱਖ ਵਿੱਚ ਨਾ ਪੈਦਾ ਹੋਣ।



**ਡਾ. ਸਤਿੰਦਰ ਪਾਲ ਸਿੰਘ**
**ਈ – 1716 ,**
**ਰਾਜਜੀਪੁਰਮ**
**ਲਖਨਊ – 226017**
**ਈ ਮੇਲ -**
**akaalpurkh.7@gmial.com**

## ਸੁਹਾਣਾ ਕਬੱਡੀ ਕੱਪ ਦੇ ਵਿੱਚ ਰਾਣਾ ਬਲਾਚੌਰੀਆ ਕਬੱਡੀ ਕੱਪ ਦੇ ਮਸ਼ਹੂਰ ਖਿਡਾਰੀ ਦਾ ਅਣਪਛਾਤੇ ਹਮਲਾਵਰਾਂ ਦੇ ਵਲੋਂ ਗੋਲੀਆਂ ਮਾਰ ਕੇ ਕੀਤਾ ਕਤਲ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਹਲਕੇ ਦੇ ਨਾਮਵਰ ਕਬੱਡੀ ਦੇ ਖਿਡਾਰੀ ਰਾਣਾ ਬਲਾਚੌਰੀਏ ਨੂੰ ਸੁਹਾਣਾ ਇੱਕ ਕਬੱਡੀ ਕੱਪ ਦੇ ਮੈਚ ਵਿਚ ਗੋਲੀਆਂ ਮਾਰ ਕੇ ਅਣਪਛਾਤੇ ਹਮਲਾਵਰਾਂ ਦੇ ਵਲੋਂ ਕਤਲ ਕਰ ਦਿੱਤਾ ਗਿਆ ਇਸ ਵਾਰਦਾਤ ਤੋਂ ਬਾਅਦ ਪੂਰੇ ਪੰਜਾਬ ਦੇ ਵਿੱਚ ਕਾਫੀ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ, ਇਸ ਮੌਕੇ ਜਦੋਂ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨਾਲ ਪਿੰਡ ਚਣਕੋਆ ਵਿਖੇ ਗੱਲਬਾਤ ਕੀਤੀ ਗਈ ਤਾਂ ਸਾਬਕਾ ਸਰਪੰਚ ਨੇ ਕਿਹਾ ਹੈ ਕਿ ਪੰਜਾਬ ਦੇ ਹਾਲਾਤ ਦਿਨ ਪ੍ਰਤੀ ਦਿਨ ਮਾੜੇ ਹੁੰਦੇ ਨਜ਼ਰ



ਆ ਰਹੇ ਹਨ, ਉਹਨਾਂ ਕਿਹਾ ਹੈ ਕਿ ਇਸ ਨੌਜਵਾਨ ਦਾ ਵਿਆਹ ਕੁਝ ਦਿਨ ਪਹਿਲਾਂ ਹੀ ਹੋਇਆ ਸੀ, ਅਤੇ ਕਾਫੀ ਵਧੀਆ ਨੌਜਵਾਨ ਸੀ ਅਤੇ ਸਮੇਂ ਸਮੇਂ ਤੇ ਖੇਡਾਂ ਵੱਲ ਨੌਜਵਾਨਾਂ ਨੂੰ ਉਤਸਾਹਿਤ ਵੀ ਕਰਦਾ ਰਹਿੰਦਾ ਸੀ ਉਹਨਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਾਣਾ ਬਲਾਚੋਰੀਆ ਦਾ ਕਤਲ ਕਰਨ ਵਾਲੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਬੂ ਕੀਤਾ ਜਾਵੇ ਇਸ ਮੌਕੇ ਰੋਂਦੀ ਕੁਰਲਾਉਂਦੀ ਹੋਈ ਮ੍ਰਿਤਕ ਨੌਜਵਾਨ ਦੇ ਪਰਿਵਾਰ ਮੈਂਬਰ ਮਾਤਾ ਨੇ ਕਿਹਾ ਕਿ ਉਹਨਾਂ ਨੂੰ ਇਨਸਾਫ ਚਾਹੀਦਾ ਹੈ ਅਤੇ ਕਾਤਲਾਂ ਨੂੰ ਜਲਦ ਕਾਬੂ ਕੀਤਾ ਜਾਵੇ।

## ਕਹਿਰ

ਸਿੰਘਾਪੁਰ ਚ ਗੈਰ ਕਾਨੂੰਨੀ ਤੌਰ ਤੇ ਕੰਮ ਕਰਨ ਵਾਲੇ ਵਿਦੇਸ਼ੀਆਂ ਲਈ ਬਹੁਤ ਹੀ ਸਖ਼ਤ ਕਾਨੂੰਨ ਹਨ। ਸਿੰਘਾਪੁਰ ਗੈਰ ਕਾਨੂੰਨੀ ਤੌਰ ਤੇ ਕੰਮ ਕਰਨ ਵਾਲੇ ਵਿਦੇਸ਼ੀ ਕਾਮਿਆਂ ਨੂੰ ਹੀ ਨਹੀਂ, ਕੰਮ ਦੇਣ ਵਾਲਿਆਂ ਨੂੰ ਸਖਤ ਸਜ਼ਾ ਦਿੱਤੀ ਜਾਂਦੀ ਹੈ। ਗੈਰ ਕਾਨੂੰਨੀ ਕਾਮੇ ਮਤਲਬ ਬਿਨਾਂ ਯੋਗ ਵਰਕ ਪਰਮਿਟ ਦੇ ਕੰਮ ਕਰਨ ਵਾਲੇ ਵਿਦੇਸ਼ੀ ਕਾਮੇ (ਟਿਹੁਟ ਵਓਲਿਦ ਾਰਕ ਪਏਰਮਿਟ)। ਇਸ ਕਾਨੂੰਨ ਤਹਿਤ ਜੇ ਕੋਈ ਵਿਦੇਸ਼ੀ, ਬਿਨਾ ਯੋਗ ਵਰਕ ਪਰਮਿਟ ਕੰਮ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਨੂੰ ਘੱਟ ਤੋਂ ਘੱਟ 9 ਮਹੀਨੇ ਦੀ ਜੇਲ੍ਹ ਤੇ ਤਿੰਨ ਤੋਂ ਛੇ ਰੁਦਨ ਮਾਰੇ ਜਾਂਦੇ ਹਨ। ਤੇ ਕੰਮ ਤੇ ਰੱਖਣ ਵਾਲੇ ਨੂੰ ਦੋ ਸਾਲ ਜੇਲ੍ਹ, ਪੰਜ ਹਜ਼ਾਰ ਸਿੰਘਪੁਰ ਡਾਲਰ ਜ਼ੁਰਮਾਨਾ ਤੇ ਜਿਸ ਦਿਨ ਉਹ ਕਾਮਾ ਸਿੰਘਾਪੁਰ ਚ ਦਾਖਲ ਹੋਇਆ ਸੀ, ਉਸ ਦਿਨ ਤੋਂ ਫੜੇ ਜਾਣ ਵਾਲੇ ਦਿਨ ਤੱਕ 14 ਸਿੰਘਾਪੁਰ ਡਾਲਰ ਪ੍ਰਤੀ ਦਿਨ ਲੈਵੀ ਦੇਣੀ ਪੈਂਦੀ ਹੈ। ਇੰਨਾ ਸਖਤ ਕਾਨੂੰਨ ਹੁੰਦੇ ਹੋਏ ਵੀ ਕਾਫ਼ੀ ਗੈਰਕਾਨੂੰਨੀ ਵਿਦੇਸ਼ੀ ਕਾਮੇ ਸਿੰਘਾਪੁਰ ਚ ਕੰਮ ਕਰ ਹਨ,ਤੇ ਫੜੇ ਵੀ ਜਾਂਦੇ ਹਨ।ਇਸੇ ਤਰ੍ਹਾਂ ਇੱਕ ਛੋਟੀ ਜਿਹੀ ਉਸਾਰੀ ਕੰਪਨੀ ( construciton company) ਚ ਕੰਮ ਕਰਦਾ ਇੱਕ ਗੈਰਕਾਨੂੰਨੀ ਬੰਗਲਾਦੇਸ਼ੀ ਕਾਮਾ ਉਵਰ ਟਾਇਮ ਕਰਦਾ ਰਾਤ ਦਸ ਕੁ ਵਜੇ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਜਿਸ ਵਿੱਚ ਉਸ ਦੀਆਂ ਦੋਵੇਂ ਲੱਤਾਂ ਜੇ ਬੀ ਸੀ ਨਾਲ ਬੁਰੀ ਤਰ੍ਹਾਂ ਕੁਚਲੀਆਂ ਗਈਆਂ ਸਨ। ਉਹ ਪੂਰੀ ਤਰ੍ਹਾਂ ਬੇਸੁਰਤ ਹੋ ਗਿਆ ਸੀ। ਨਾਲ ਕੰਮ ਕਰਨ ਵਾਲਿਆਂ ਸਮਝਿਆ ਕਿ ਸ਼ਾਇਦ ਉਸ ਦੀ ਮੌਤ ਹੋ ਚੁੱਕੀ ਹੈ,ਪਰ ਦਿਲ ਦੀ ਧੜਕਨ ਚੱਲ ਰਹੀ ਸੀ। ਕੁਦਰਤ ਵਲੋਂ ਉਸ ਨਾਲ ਵਰਤੇ ਇਸ ਕਹਿਰ ਤੋਂ ਬਾਅਦ ਕੰਪਨੀ ਮਾਲਕ ਨੇ ਰਾਤ ਦੇ ਹਨੇਰੇ ਚ ਹੋਰ ਕਹਿਰ ਕਰਦਿਆਂ ਉਸਨੂੰ ਲੱਕੜ ਦੇ ਕੁਝ ਕਚਰੇ ਸਮੇਤ ਨਾਲ ਲਗਦੀ ਡਰੇਨ ਦੇ ਕੰਢੇ ਸੁੱਟ ਦਿੱਤਾ।ਸਵੇਰੇ ਕਿਸੇ ਸੈਰ ਕਰਦੇ ਕਿਸੇ ਬੰਦੇ ਦੀ ਉਸ ਤੇ ਨਜ਼ਰ ਪਈ ਤਾਂ ਉਸਨੇ ਪੁਲਿਸ ਨੂੰ ਫੂਨ ਕਰ ਦਿੱਤਾ। ਬੇਸ਼ਕ ਉਸ ਦੀਆਂ ਦੋਵੇਂ ਲੱਤਾਂ ਹਮੇਸ਼ਾ ਲਈ ਬੇਕਾਰ ਹੋ ਗਈਆਂ ਸਨ ਪਰ ਡਾਕਟਰਾਂ ਨੇ ਉਸ ਦੀ ਜਾਨ ਬਚਾ ਲਈ ਸੀ। ਅਦਾਲਤ ਨੇ ਉਸ ਕੰਪਨੀ 'ਤੇ ਜੁਰਮਾਨਾ ਲਾਉਣ ਦੇ ਨਾਲ ਨਾਲ ਬੰਗਲਾਦੇਸ਼ੀ ਕਾਮੇ ਨੂੰ ਇੱਕ ਲੱਖ ਸਿੰਘਾਪੁਰ ਡਾਲਰ ਦੀ ਰਾਹਤ ਦੇਣ ਦਾ ਹੁਕਮ ਸੁਣਾਇਆ ਸੀ। ਕੁਦਰਤ ਦੇ ਇਸ ਕਹਿਰ ਤੋਂ ਜਿਆਦਾ ਉਸ ਕੰਪਨੀ ਵਲੋਂ ਕੀਤਾ ਗਿਆ ਇਹ ਕਹਿਰ ਮੈਨੂੰ ਕਈ ਮਹੀਨਿਆਂ ਤੱਕ ਪਰੇਸ਼ਾਨ ਕਰਦਾ ਰਿਹਾ ਸੀ।



**ਗੁਰਦੀਪ ਸਿੰਘ ਮੁਕੱਦਮ**
**ਫੂਨ 9878160133**
**ਪਿੰਡ ਲਧਾਣਾ ਝਿੱਕਾ**

# ਧੁੰਦ ਦਾ ਕਹਿਰ ਅਤੇ ਵਾਪਰ ਰਹੇ ਸੜਕੀ ਹਾਦਸੇ

ਸਰਦੀਆਂ ਦੇ ਮੌਸਮ ਦੀ ਆਮਦ ਨਾਲ ਹੀ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਈ ਇਲਾਕਿਆਂ ਵਿੱਚ ਧੁੰਦ ਇੱਕ ਗੰਭੀਰ ਸਮੱਸਿਆ ਬਣ ਕੇ ਸਾਹਮਣੇ ਆਉਂਦੀ ਹੈ। ਸਵੇਰੇ ਅਤੇ ਦੇਰ ਸ਼ਾਮ ਪੈਂਦੀ ਗਾੜ੍ਹੀ ਧੁੰਦ ਜਿੱਥੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ, ਉੱਥੇ ਹੀ ਇਹ ਸੜਕੀ ਹਾਦਸਿਆਂ ਦਾ ਮੁੱਖ ਕਾਰਨ ਵੀ ਬਣ ਰਹੀ ਹੈ। ਹਰ ਸਾਲ ਧੁੰਦ ਦੇ ਦਿਨਾਂ ਵਿੱਚ ਹਾਦਸਿਆਂ ਦੀ ਗਿਣਤੀ ਅਚਾਨਕ ਵੱਧ ਜਾਣਾ ਇਹ ਸਾਬਤ ਕਰਦਾ ਹੈ ਕਿ ਅਸੀਂ ਅਜੇ ਵੀ ਇਸ ਖ਼ਤਰੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ।ਧੁੰਦ ਕਾਰਨ ਦ੍ਰਿਸ਼ਟੀ ਬਹੁਤ ਸੀਮਿਤ ਹੋ ਜਾਂਦੀ ਹੈ। ਕਈ ਵਾਰ ਤਾਂ ਕੁਝ ਮੀਟਰ ਦੂਰ ਤੱਕ ਵੀ ਸਾਫ਼ ਨਹੀਂ ਦਿਸਦਾ। ਐਸੇ ਵਿੱਚ ਵਾਹਨ ਚਾਲਕਾਂ ਲਈ ਸੜਕ ‘ਤੇ ਅੱਗੇ-ਪਿੱਛੇ ਚੱਲ ਰਹੇ ਵਾਹਨਾਂ, ਮੋੜਾਂ, ਖੱਡਿਆਂ ਜਾਂ ਅਚਾਨਕ ਆਉਣ ਵਾਲੇ ਪੈਦਲ ਯਾਤਰੀਆਂ ਨੂੰ ਦੇਖਣਾ ਮੁਸ਼ਕਲ ਹੋ ਜਾਂਦਾ ਹੈ। ਇਸ ਅਸਪਸ਼ਟਤਾ ਵਿੱਚ ਜੇ ਰਫ਼ਤਾਰ ਵੱਧ ਹੋਵੇ ਜਾਂ ਧਿਆਨ ਭਟਕਿਆ ਹੋਵੇ, ਤਾਂ ਹਾਦਸਾ ਹੋਣਾ ਲਗਭਗ ਨਿਸ਼ਚਿਤ ਬਣ ਜਾਂਦਾ ਹੈ।

ਅਕਸਰ ਦੇਖਿਆ ਗਿਆ ਹੈ ਕਿ ਧੁੰਦ ਵਿੱਚ ਵੀ ਕਈ ਡਰਾਈਵਰ ਆਮ ਦਿਨਾਂ ਵਾਂਗ ਤੇਜ਼ ਗਤੀ ਨਾਲ ਵਾਹਨ ਚਲਾਉਂਦੇ ਹਨ। ਓਵਰਟੇਕ ਕਰਨ ਦੀ ਗਲਤ ਆਦਤ, ਸੜਕ ਦੇ ਨਿਯਮਾਂ ਦੀ ਉਲੰਘਣਾ ਅਤੇ ਫ਼ਾਗ ਲਾਈਟਾਂ ਦੀ ਅਣਵਰਤੋਂ ਹਾਦਸਿਆਂ ਨੂੰ ਹੋਰ ਭਿਆਨਕ ਬਣਾ ਦਿੰਦੀ ਹੈ। ਦੋ ਪਹੀਆ ਵਾਹਨ ਚਾਲਕ ਬਿਨਾਂ ਹੈਲਮਟ ਅਤੇ ਬਿਨਾਂ ਰਿਫ਼ਲੈਕਟਿਵ ਕੱਪੜਿਆਂ ਦੇ ਸੜਕਾਂ ‘ਤੇ ਨਜ਼ਰ ਆਉਂਦੇ ਹਨ, ਜਿਸ ਕਾਰਨ ਧੁੰਦ ਵਿੱਚ ਉਹ ਹੋਰ ਵਾਹਨਾਂ ਨੂੰ ਦਿਸਦੇ ਹੀ ਨਹੀਂ।

ਧੁੰਦ ਦਾ ਕਹਿਰ ਸਿਰਫ਼ ਹਾਈਵੇਅਜ਼ ਤੱਕ ਸੀਮਿਤ ਨਹੀਂ। ਪਿੰਡਾਂ ਨੂੰ ਜਾਣ ਵਾਲੀਆਂ ਲਿੰਕ ਸੜਕਾਂ, ਕੱਚੀਆਂ ਸੜਕਾਂ ਅਤੇ ਤੰਗ ਰਸਤੇ ਵੀ ਇਸ ਦੌਰਾਨ ਬਹੁਤ ਖ਼ਤਰਨਾਕ ਹੋ ਜਾਂਦੇ ਹਨ। ਕਈ ਥਾਵਾਂ ‘ਤੇ ਸੜਕਾਂ ਦੀ ਢੁੱਕਵੀਂ ਲਾਈਟਿੰਗ ਨਹੀਂ ਹੁੰਦੀ ਅਤੇ ਨਾ ਹੀ ਚੇਤਾਵਨੀ ਬੋਰਡ



ਲੱਗੇ ਹੁੰਦੇ ਹਨ। ਨਤੀਜੇ ਵਜੋਂ ਧੁੰਦ ਵਿੱਚ ਵਾਹਨ ਅਕਸਰ ਸੜਕ ਤੋਂ ਹੇਠਾਂ ਉਤਰ ਜਾਂਦੇ ਹਨ ਜਾਂ ਆਪਸ ਵਿੱਚ ਟਕਰਾ ਜਾਂਦੇ ਹਨ।

ਇਹ ਵੀ ਇੱਕ ਕੜਵਾ ਸੱਚ ਹੈ ਕਿ ਧੁੰਦ ਕਾਰਨ ਵਾਪਰਨ ਵਾਲੇ ਬਹੁਤ ਸਾਰੇ ਹਾਦਸੇ ਸਿਰਫ਼ ਇਤਫ਼ਾਕ ਨਹੀਂ ਹੁੰਦੇ, ਸਗੋਂ ਮਨੁੱਖੀ ਲਾਪਰਵਾਹੀ ਦਾ ਨਤੀਜਾ ਹੁੰਦੇ ਹਨ। ਜੇਕਰ ਡਰਾਈਵਰ ਸਾਵਧਾਨੀ ਵਰਤਣ, ਰਫ਼ਤਾਰ ਘੱਟ ਰੱਖਣ ਅਤੇ ਧੁੰਦ ਦੇ ਅਨੁਕੂਲ ਡਰਾਈਵਿੰਗ ਤਰੀਕੇ ਅਪਣਾਉਣ, ਤਾਂ ਕਈ ਕੀਮਤੀ ਜਾਨਾਂ ਬਚ ਸਕਦੀਆਂ ਹਨ। ਧੁੰਦ ਵਿੱਚ ਹੌਰਨ ਦੀ ਸੰਜਮਿਤ ਵਰਤੋਂ, ਵਾਹਨਾਂ ਦਰਮਿਆਨ ਢੁੱਕਵਾਂ ਫ਼ਾਸਲਾ ਅਤੇ ਅਚਾਨਕ ਬ੍ਰੇਕ ਨਾ ਲਗਾਉਣਾ ਬਹੁਤ ਜ਼ਰੂਰੀ ਹੈ।

ਇਸ ਸੰਦਰਭ ਵਿੱਚ ਪ੍ਰਸ਼ਾਸਨ ਦੀ ਭੂਮਿਕਾ ਵੀ ਬਹੁਤ ਅਹੰਮ ਹੈ। ਸਰਕਾਰ ਅਤੇ ਟ੍ਰੈਫ਼ਿਕ ਪੁਲਿਸ ਨੂੰ ਚਾਹੀਦਾ ਹੈ ਕਿ ਧੁੰਦ ਦੇ ਮੌਸਮ ਦੌਰਾਨ ਖ਼ਾਸ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ। ਹਾਈਵੇਅਜ਼ ਅਤੇ ਮੁੱਖ ਸੜਕਾਂ ‘ਤੇ ਰਿਫ਼ਲੈਕਟਿਵ ਸਾਈਨ ਬੋਰਡ, ਸਪੀਡ ਲਿਮਟ ਦਰਸਾਉਂਦੇ ਚਿੰਨ੍ਹ ਅਤੇ ਧੁੰਦ ਸੰਬੰਧੀ ਚੇਤਾਵਨੀ ਸੂਚਕ ਲਗਾਏ ਜਾਣ। ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਵੀ ਸਮੇਂ ਦੀ ਲੋੜ ਹੈ।ਸਕੂਲਾਂ, ਕਾਲਜਾਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਵੀ ਲੋਕਾਂ ਨੂੰ ਧੁੰਦ ਵਿੱਚ ਸੁਰੱਖਿਅਤ ਯਾਤਰਾ ਬਾਰੇ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ। ਖ਼ਾਸ ਕਰਕੇ ਨੌਜਵਾਨਾਂ ਵਿੱਚ ਇਹ ਸਮਝ ਪੈਦਾ ਕਰਨ ਦੀ ਲੋੜ ਹੈ ਕਿ ਗੱਡੀ ਤੇਜ਼ ਚਲਾਉਣਾ ਬਹਾਦਰੀ ਨਹੀਂ, ਸਗੋਂ ਬੇਸਮਝੀ ਹੈ। ਇੱਕ ਛੋਟੀ ਜਿਹੀ ਲਾਪਰਵਾਹੀ ਪੂਰੇ ਪਰਿਵਾਰ ਦੀ ਖ਼ੁਸ਼ੀ ਛੀਨ ਸਕਦੀ ਹੈ।

ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਧੁੰਦ ਕੁਦਰਤ ਦਾ ਇੱਕ ਹਿੱਸਾ ਹੈ, ਜਿਸ ਨੂੰ ਅਸੀਂ ਰੋਕ ਨਹੀਂ ਸਕਦੇ, ਪਰ ਉਸ ਨਾਲ ਸੁਰੱਖਿਅਤ ਢੰਗ ਨਾਲ ਨਜਿੱਠ ਸਕਦੇ ਹਾਂ। ਸਾਵਧਾਨੀ, ਧੀਰਜ ਅਤੇ ਜ਼ਿੰਮੇਵਾਰੀ ਨਾਲ ਵਾਹਨ ਚਲਾਉਣਾ ਹੀ ਇਸ ਸਮੱਸਿਆ ਦਾ ਸਭ ਤੋਂ ਵੱਡਾ ਹੱਲ ਹੈ। ਜਦੋਂ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝੇਗਾ, ਤਦ ਹੀ ਧੁੰਦ ਦਾ ਇਹ ਕਹਿਰ ਘੱਟ ਹੋਵੇਗਾ ਅਤੇ ਸੜਕਾਂ ‘ਤੇ ਜਾਨਾਂ ਬਚ ਸਕਣਗੀਆਂ। ਜਾਨ ਹੈ ਤਾਂ ਜਹਾਨ ਹੈ—ਇਸ ਸੋਚ ਨੂੰ ਅਪਣਾ ਕੇ ਹੀ ਅਸੀਂ ਧੁੰਦ ਵਿੱਚ ਵੀ ਸੁਰੱਖਿਅਤ ਯਾਤਰਾ ਕਰ ਸਕਦੇ ਹਾਂ।



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਪਿੰਡ ਵੜਿੰਗ ਖੇੜਾ**
**ਤਹਿਸੀਲ ਮਲੋਟ**
**ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ**
**79860-27454**

# ਕਹਾਣੀ ਅਤੇ ਕਹਾਣੀਕਾਰ

ਕਈ ਦਿਨਾਂ ਤੋਂ ਇੱਕ ਵਧੀਆ ਕਹਾਣੀ ਲਿਖਣ ਬਾਰੇ ਸੋਚ ਰਿਹਾ ਹਾਂ। ਇੰਨੀ ਵਧੀਆ ਕਹਾਣੀ ਲਿਖਾਂ ਕਿ ਮੈਨੂੰ ਨਾਮ ਪਿੱਛੇ ਕੋਈਂ ਪੂਛ ਜਾਂ ਤਖੱਲਸ ਨਾ ਲਾਉਣਾ ਪਵੇ ਬੱਸ ਰਮੇਸ਼_ਕਹਾਣੀਕਾਰ ਦੇ ਨਾਮ ਨਾਲ ਹੀ ਜਾਣਿਆਂ ਜਾਵਾਂ। ਗੱਲ ਕਹਾਣੀ ਦੇ ਵਿਸ਼ੇ ਬਾਰੇ ਸੋਚਣ ਦੀ ਹੈ। ਮੈਂ ਸੋਚਦਾ ਹਾਂ ਕਿਸੇ ਉਸ ਮਾਸੂਮ ਜਿਹੇ ਬੱਚੇ ਦੀ ਗਰੀਬੀ ਤੇ ਕਹਾਣੀ ਲਿਖਾਂ ਜੋ ਸਵੇਰੇ ਇਸ ਲਈ ਭੁੱਖਾ ਹੀ ਸਕੂਲ ਆਉਂਦਾ ਹੈ ਕਿ ਉਹਨਾਂ ਘਰ ਆਟਾ ਨਹੀਂ ਸੀ। ਫਿਰ ਮੈਨੂੰ ਅਰਬਾਂ ਦੇ ਮਿਡ ਡੇ ਮੀਲ ਦੇ ਬਜਟ ਤੇ ਗੁੱਸਾ ਆਉਂਦਾ ਹੈ ਮੈਨੂੰ ਇਸ ਵਿਸ਼ੇ ਤੇ ਗੱਲ ਬਣਦੀ ਨਹੀਂ ਲੱਗਦੀ।

ਫਿਰ ਮੈਂ ਸਹੁਰਿਆਂ ਵੱਲੋਂ ਸਤਾਈਆਂ ਲੜਕੀਆਂ ਬਾਰੇ ਕੋਈਂ ਕਹਾਣੀ ਲਿਖਣ ਬਾਰੇ ਸੋਚਦਾ ਹਾਂ। ਪਰ ਹੁਣ ਇਹ ਜਮਾਨਾਂ ਨਹੀਂ ਰਿਹਾ। ਲੜਕੀਆਂ ਤਾਂ ਆਪ ਸਹੁਰਿਆਂ ਦੇ ਨੱਕ ਵਿੱਚ ਦਮ ਕਰੀ ਰੱਖਦੀਆਂ ਹਨ। ਆਉਂਦੀਆਂ ਹੀ ਘਰ ਦੀਆਂ ਮਾਲਿਕਨਾਂ ਬਣ ਜਾਂਦੀਆਂ ਹਨ। ਆਪਣੇ ਪਤੀ ਨੂੰ ਵੱਸ ਵਿੱਚ ਕਰ ਲੈਂਦੀਆਂ ਹਨ। ਕਹਾਣੀ ਦੇ ਪਾਤਰ ਬਦਲ ਜਾਂਦੇ ਹਨ। ਫਿਰ ਇਹ ਕਹਾਣੀ ਲਿਖਣ ਦਾ ਕੀ ਤੁੱਕ। ਐਵੇਂ ਕੋਈਂ ਹੋਰ ਮੁੱਦਾ ਉਛਲੂ। ਮੇਰੇ ਦਿਮਾਗ ਵਿੱਚ ਅਗਲਾ ਵਿਸ਼ਾ ਧੀ, ਭੈਣ, ਭੂਆਂ ਦੀ ਪੇਕਿਆਂ ਦੇ ਘਰ ਵਿੱਚ ਹੁੰਦੀ ਬੇਕਦਰੀ ਬਾਰੇ ਲਿਖਣ ਬਾਰੇ ਆਉਂਦਾ ਹੈ। ਮਾਂ ਪਿਓ ਦੇ ਜਾਣ ਤੋਂ ਬਾਅਦ ਭਰਾ ਭਰਜਾਈਆਂ ਭੈਣਾਂ, ਭੂਆ ਨੂੰ ਸ਼ਰੀਕ ਸਮਝਣ ਲੱਗਦੀਆਂ ਹਨ। ਉਹਨਾਂ ਨੂੰ ਵਿਸਾਰ ਦਿੰਦੇ ਹਨ। ਉਹਨਾਂ ਲਈ ਪੇਕੇ ਦੂਰ ਹੋ ਜਾਂਦੇ ਹਨ ਨਾਤਾ ਟੁੱਟ ਜਾਂਦਾ ਹੈ। ਪੇਕੇ ਪੇਕੇ ਨਹੀਂ ਰਹਿੰਦੇ। ਭਰਾ ਤਿੱਥ ਤਿਉਹਾਰ ਤੇ ਸੰਭਾਲਣਾ ਵੀ ਭੁੱਲ ਜਾਂਦੇ ਹਨ। ਫਿਰ ਸੋਚਿਆ ਛੱਡ ਯਾਰ ਇਸ ਵਿਸ਼ੇ ਤੇ ਲਿਖਕੇ ਕਾਹਨੂੰ ਸਾਲਿਆਂ ਨਾਲ ਸਿੰਗ ਫਸਾਉਣੇ ਹਨ। ਜਿਹੜੀ ਥੋੜ੍ਹੀ ਬਹੁਤ ਰਾਮ ਰਾਮ ਹੁੰਦੀ ਹੈ ਉਸ ਤੋਂ ਵੀ ਜਾਵੇਂਗਾ। ਅਗਲੇ ਕਹਿਣਗੇ ਸਾਡੇ ਤੇ ਫਿਰ ਕਹਾਣੀ ਲਿੱਖ ਘੱਤੀ। ਕਹਾਣੀ ਤਾਂ ਕਿਸੇ ਗਰੀਬਣੀ ਦੀ ਸੁੰਦਰਤਾ ਦਾ ਨਜਾਇਜ਼ ਫਾਇਦਾ ਚੁੱਕਣ ਵਾਲਿਆਂ ਤੇ ਵੀ ਲਿਖੀ ਜਾ ਸਕਦੀ ਹੈ। ਉਹ ਕੰਮਵਾਲੀ ਜਿਹੜੀ ਸਵੇਰੇ ਬਣ ਠਣਕੇ ਕੰਮ।ਤੇ ਆਉਂਦੀ ਹੈ ਉਸਦੇ ਗੁੰਦਵੇ ਸਰੀਰ, ਛੋਟੇ ਛੋਟੇ ਬੁੱਲ੍ਹ, ਮਿਰਗ ਵਰਗੇ ਨੈਣ, ਛਮਕ ਛੱਲ਼ੋ ਜਿਹਾ ਪਤਲਾ ਜੁੱਸਾ ਤੇ ਲੰਬਾ ਕੱਦ। ਅੱਖਾਂ ਵਿਚਲੀ ਕੱਜਲ ਦੀ ਧਾਰ, ਕਈ ਦਿਨਾਂ ਤੋਂ ਅਣਸੰਵਾਰੇ ਵਾਲ ਅਤੇ ਪੈਰਾਂ ਚ ਪਾਈਆਂ ਝਾਂਜਰਾਂ ਦੀ ਛਣਕਾਰ ਨੂੰ ਵੇਖਕੇ ਸੇਠ ਆਪਣੀ ਸੋਨੇ ਲੱਦੀ ਥੁੱਲਥਲੀ ਜਿਹੀ ਸੇਠਾਂਣੀ ਨੂੰ ਅੱਖ ਪਰੋਖੇ ਕਰ ਦਿੰਦਾ ਹੈ ਅਤੇ ਦਿਨ ਰਾਤ ਉਸ ਕੰਮਵਾਲੀ ਦੇ ਹੁਸਨ ਵਿੱਚ ਡੁੱਬਿਆ ਰਹਿੰਦਾ ਹੈ। ਉਸਤੇ ਮੈਲੀ ਅੱਖ ਰੱਖਦਾ ਹੈ। ਮੌਕੇ ਦੀ ਤਲਾਸ਼ ਵਿੱਚ ਰਹਿੰਦਾ ਹੈ। ਪਰ ਮੇਰੇ ਨਾਲ ਦੀ ਕਹਿੰਦੀ ਹੈ ਕਿ ਕਹਾਣੀ ਸ਼ਾਫ ਸੁਥਰੀ ਹੋਣੀ ਚਾਹੀਦੀ ਹੈ ਕਿਸੇ ਸਤਿਸੰਗ ਵਰਗੀ। ਜਿਸਨੂੰ ਤੁਹਾਡੀ ਭੈਣ, ਬੇਟੀ ਤੇ ਧੀ ਵੀ ਤੁਹਾਡੇ ਸਾਹ-ਮਣੇ ਪੜ੍ਹ ਸਕੇ। ਤੁਹਾਨੂੰ ਕਹਾਣੀ ਦੇ ਵਿਸ਼ੇ ਨੂੰ ਲੈਕੇ ਨੀਵਾਂ ਨਾ ਝਾਕਣਾ ਪਵੇ। ਕਾਮਵਾਸਨਾ ਅਤੇ ਉਸਨੂੰ ਉਕਸਾਉਣ ਵਾਲੀਆਂ ਕਹਾਣੀਆਂ ਸਮਾਜ ਨੂੰ ਗੰਧਲਾ ਕਰਦੀਆਂ ਹਨ। ਇਹ ਜੁਰਮ ਅਤੇ ਗੁਨਾਹ ਦੇ ਫੈਲਣ ਨੂੰ ਹਵਾ ਦਿੰਦੀਆਂ ਹਨ। ਗੱਲ ਉਸ ਦੀ ਵੀ ਠੀਕ ਹੈ। ਹੁਣ ਉਸ ਦੀ ਚੰਗੀ ਸੋਚ ਦੇ ਦਾਇਰੇ ਤੋਂ ਬਾਹਰ ਜਾਣਾ ਵੀ ਗਲਤ ਹੈ। ਨਾਲੇ ਜੀਵਨਸਾਥੀ ਦੀ ਸੋਚ ਤੋਂ ਬਾਹਰ ਜਾਕੇ ਤੁਸੀਂ ਵੱਡੇ ਨਹੀਂ ਬਣ ਸਕਦੇ। ਫਿਰ ਸਮੁੰਦਰ ਵਿੱਚ ਰਹਿਕੇ ਮਗਰਮੱਛ ਨਾਲ ਵੈਰ ਵੀ ਕਿਉਂ ਪਾਉਣਾ।

ਚੰਗੀ ਕਹਾਣੀ ਤਾਂ ਪੁਲਸ ਤੋਂ ਡੰਡੇ ਖਾਂਦੇ ਬੇਰੋਜਗਾਰ ਅਤੇ ਕੱਚੇ ਮੁਲ਼ਾਜਮਾਂ ਦੇ ਦਰਦ ਨੂੰ ਲ਼ੈਕੇ ਵੀ ਲਿਖੀ ਜਾ ਸਕਦੀ ਹੈ। ਦਸ ਦਸ ਹਜ਼ਾਰ ਜਿਹੀ ਮਮੂਲੀ ਤਨਖਾਹ ਤੇ ਕੰਮ ਕਰਨ ਵਾਲੇ ਅਧਿਆਪਕ ਇੱਕ ਦਿਨ ਕੁੱਟ ਖਾਕੇ ਅਗਲੇ ਦਿਨ ਫਿਰ ਜੁਆਕਾਂ ਨੂੰ ਪੜ੍ਹਾਉਂਦੇ ਹਨ। ਪਰ ਕਹਾਣੀ ਚ ਉਹਨਾਂ ਦਾ ਦਰਦ ਤਾਂ ਦਿਖਾਇਆ ਜਾ ਸਕਦਾ ਹੈ ਪਰ ਇਹ ਉਹਨਾਂ ਦੇ ਮਸਲੇ ਦਾ ਹੱਲ ਨਹੀਂ। ਸਮਾਜਿਕ ਵਿਸ਼ੇ ਤੇ ਕਹਾਣੀ ਲਿਖਣ ਦਾ ਖਿਆਲ ਆਉਂਦੇ ਹੀ ਮੇਰੇ ਜ਼ਹਿਨ ਵਿੱਚ ਉਹ ਸੀਨੀਅਰ ਸਿਟੀਜ਼ਨ ਆਉਂਦੇ ਹਨ ਜੋ ਸੇਵਾਮੁਕਤੀ ਤੋਂ ਬਾਅਦ ਨੂੰਹਾਂ ਪੁੱਤਾਂ ਹੱਥੋਂ ਨਿੱਤ ਜ਼ਲੀਲ ਹੁੰਦੇ ਹਨ। ਆਪਣੀ ਜਾਇਦਾਦ ਅਤੇ ਜਮਾਂ ਪੂੰਜੀ ਤੋਂ ਹੱਥ ਧੋਣ ਤੋਂ ਬਾਅਦ ਅੰਦਰ ਵੜ੍ਹਕੇ ਰੋਂਦੇ ਹਨ। ਪਹਿਲ਼ਾਂ ਉਹ ਔਲਾਦ ਦੇ ਮੋਂਹ ਵਿੱਚ ਬੇਵੱਸ ਹੁੰਦੇ ਹਨ ਫਿਰ ਉਹ ਉਸੇ ਔਲਾਦ ਦੇ ਅੱਗੇ ਬੇਵੱਸ ਹੁੰਦੇ ਹਨ। ਪਰ ਸਮਾਜ ਦਾ ਇਹ ਨਕਾਰਾਤਮਿਕ ਪੱਖ ਸਾਹਿਤ ਵਿੱਚ ਦਿਖਾਉਣਾ ਕੋਈਂ ਚੰਗੀ ਗੱਲ ਨਹੀਂ। ਚੰਗੀ ਅਤੇ ਆਗਿਆਕਾਰੀ ਔਲਾਦ ਬਾਰੇ ਵੀ ਤਾਂ ਲਿਖਿਆ ਜਾ ਸਕਦਾ ਹੈ। ਜੋ ਸਮਾਜ ਲਈ ਪ੍ਰੇਰਨਾ ਸਰੋਤ ਬਣੇ। ਪਰ ਅਜਿਹੀ ਔਲਾਦ ਘੱਟ ਹੀ ਨਜ਼ਰ ਆਉਂਦੀ ਹੈ। ਫਿਰ ਵਿਸ਼ਾ ਬਦਲਦਾ ਹੋਇਆ ਉਹਨਾਂ ਬਜ਼ੁਰਗ ਮਾਪਿਆਂ ਬਾਰੇ ਲਿਖਣ ਦਾ ਸੋਚਦਾ ਹਾਂ ਕਿ ਉਹ ਸੱਤਰੇ ਬੁਹੱਤਰੇ ਵੀ ਆਪਣੀ ਹਿੰਡ ਨਹੀਂ ਛੱਡਦੇ। ਅੜੀ ਨਹੀਂ ਛੱਡਦੇ। ਆਪਣੀ ਸਿਆਣਪ ਦਾ ਢੰਡੋਰਾ ਪਿੱਟਦੇ ਰਹਿੰਦੇ ਹਨ ਔਲਾਦ ਨੂੰ ਕੁਝ ਕਰਨ ਨਹੀਂ ਦਿੰਦੇ। ਗੁਰੂ ਗੁਰੂ ਕਰਨ ਦੀ ਬਜਾਇ ਮੈਂ ਮੈਂ ਕਰਦੇ ਹਨ ਅਤੇ ਕਲੇਸ਼ ਨੂੰ ਵਧਾਉਂਦੇ ਰਹਿੰਦੇ ਹਨ। ਇਹ ਲੋਕ ਨਾ ਕਦੇ ਚੰਗੇ ਪੁੱਤ ਬਣੇ ਹੁੰਦੇ ਹਨ ਤੇ ਨਾ ਚੰਗੇ ਪਤੀ ਜਾਂ ਪਿਓ।

ਕਹਾਣੀ ਲਈ ਯੋਗ ਵਿਸ਼ਾ ਤਲਾਸ਼ਣਾ ਇੱਕ ਗੰਭੀਰ ਸਮੱਸਿਆ ਬਣ ਗਿਆ। ਉਂਜ ਕਹਾਣੀ ਤਾਂ ਕਿਸਾਨ ਮੋਰਚਾ, ਓਹਨਾਂ ਦੀਆਂ ਮੰਗਾਂ, ਧਰਨੇ, ਮੰਡੀਆਂ ਚ ਰੁਲਦੇ ਕਿਸਾਨ, ਪਰਾਲੀ ਨੂੰ ਸਾੜਦੇ, ਕਰਜ਼ੇ ਦੇ ਬੋਝ ਤਲੇ ਦਬੇ ਸ਼ਾਹੀ ਵਿਆਹ ਤੇ ਸ਼ਾਹੀ ਭੋਗ ਪਾਉਂਦੇ ਖੁਦਕਸ਼ੀਆਂ ਕਰਦੇ ਕਿਸਾਨਾਂ ਦੇ ਦਰਦ ਬਾਰੇ ਬਹੁਤ ਸੋਹਣੀ ਲਿਖੀ ਜਾ ਸਕਦੀ ਹੈ।

"ਹੁਣ ਰੋਟੀ ਖਾ ਵੀ ਲ਼ੋ ਕਿ ਸੋਚੀ ਜਾਓਗੇ। ਸਾਗ ਠੰਡਾ ਹੋਜੂਗਾ।" ਉਹ ਇੱਕ ਦਮ ਬੋਲ਼ੀ ਤੇ ਰੋਟੀ ਦੀ ਥਾਲੀ ਮੇਰੇ ਸਾਹਮਣੇ ਪਈ ਸੀ। ਇੱਕ ਤਾਂ ਇਹ ਜਨਾਨੀਆਂ ਲੇਖਕਾਂ ਅਤੇ ਸਮਾਜ ਸੇਵੀਆਂ ਦੀਆਂ ਦੁਸ਼ਮਣ ਹੁੰਦੀਆਂ ਹਨ। ਰਮੇਸ਼ ਕਹਾਣੀਕਾਰ ਲਿਖਣ ਦਾ ਸੁਫਨਾ ਵਿਚਾਲੇ ਹੀ ਦਮ ਤੋੜ ਜਾਂਦਾ ਹੈ ਤੇ ਮੈਂ ਓਹੀ ਪੁਰਾਣਾ ਨਾਮ ਤੇ ਤਖੱਲਸ ਲਿਖਕੇ ਲਿਖਤ ਨੂੰ ਬੰਦ ਕਰ ਦਿੰਦਾ ਹਾਂ।



**ਰਮੇਸ਼ ਸੇਠੀ ਬਾਦਲ**
**114ਸ਼ੀਸ਼ਮਹਿਲ ਬਠਿੰਡਾ**
**9876627233**

# ਕ੍ਰਿਨ ਹਿਊਜ਼ ਦੀ ਟਰੇਡ ਤੋਂ ਬਾਅਦ ਕੈਨਕਸ ਦੀ ਜਿੱਤ, ਬੂਈਅਮ ਦਾ ਫੈਸਲਾਕੁਨ ਗੋਲ

**ਵੈਨਕੂਵਰ, (ਮਲਕੀਤ ਸਿੰਘ)**ਕਪਤਾਨ ਕ੍ਰਿਨ ਹਿਊਜ਼ ਦੀ ਟਰੇਡ ਤੋਂ ਬਾਅਦ ਖੇਡੇ ਗਏ ਪਹਿਲੇ ਮੈਚ ਵਿੱਚ ਵੈਨਕੂਵਰ ਕੈਨਕਸ ਨੇ ਜਿੱਤ ਦਰਜ ਕਰਕੇ ਆਪਣੀ ਸਫ਼ਲਤਾ ਦੀ ਨਵੀਂ ਸ਼ੁਰੂਆਤ ਕੀਤੀ ਹੈ ਟੀਮ ਨੂੰ ਟਰੇਡ ਦੇ ਬਦਲੇ ਮਿਲੇ ਡਿਫੈਂਸਮੈਨ ਜ਼ੀਵ ਬੂਈਅਮ ਨੇ ਮੈਚ ਦਾ ਫੈਸਲਾਕੁਨ ਗੋਲ ਕਰਕੇ ਕੈਨਕਸ ਨੂੰ ਕਾਮਯਾਬੀ ਦਿਵਾਈ। ਮੁਕਾਬਲੇ ਦੌਰਾਨ ਗੋਲਕੀਪਰ ਥੈਚਰ ਡੈਮਕੋ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 26 ਵਿੱਚੋਂ 25 ਸ਼ਾਟ ਰੋਕ ਕੇ ਵਿਰੋਧੀ ਹਮਲਿਆਂ ਨੂੰ




ਨਾਕਾਮ ਕੀਤਾ। ਡੈਮਕੋ ਦੀ ਮਜ਼ਬੂਤ ਗੋਲਕੀਪਿੰਗ ਨੇ ਟੀਮ ਦੀ ਜਿੱਤ ਵਿੱਚ ਸ਼ਲਾਘਯੋਗ ਰੋਲ ਅਦਾ ਕੀਤਾ । ਇਸ ਮੈਚ ਵਿੱਚ ਟਰੇਡ ਰਾਹੀਂ ਮਿਲੇ ਖਿਡਾਰੀ ਵੱਲੋਂ ਹੀ ਜੇਤੂ ਗੋਲ ਆਉਣਾ ਟੀਮ ਮੈਨੇਜਮੈਂਟ ਲਈ ਹੌਂਸਲਾ ਅਫ਼ਜ਼ਾਈ ਵਾਲਾ ਸੰਕੇਤ ਮੰਨਿਆ ਜਾ ਰਿਹਾ ਹੈ। ਜ਼ੀਵ ਬੂਈਅਮ ਨੇ ਇਸ ਮੁਕਾਬਲੇ ਵਿੱਚ ਇੱਕ ਗੋਲ ਅਤੇ ਇੱਕ ਅਸਿਸਟ ਕਰਕੇ ਆਪਣੀ ਉਪਯੋਗਤਾ ਸਾਬਤ ਕੀਤੀ, ਜਦਕਿ ਕੈਨਕਸ ਨੇ ਸੰਘਰਸ਼ਪੂਰਨ ਖੇਡ ਨਾਲ ਦਰਸ਼ਕਾਂ ਨੂੰ ਨਵੀਂ ਉਮੀਦ ਦਿੱਤੀ।

# ਪੰਜਾਬ

ਤੂੰ ਪੰਜਾਂ ਦਰਿਆਵਾਂ ਵਾਲ਼ਾ
ਲਿਖਦਾ ਇਬਨ-ਬਤੂਤਾ
ਆਪਣੀ ਵਾਅ ਵੱਲ ਤੱਕਣ ਵਾਲ਼ਾ
ਜਾਵੇਂ ਨਿਗਲ ਸਬੂਤਾ

ਤੂੰ ਸੰਤਾਲ਼ੀ ਦੇ ਨਾਲ਼ ਲੜਿਆ
ਸਿਰ 'ਤੇ ਵੰਡ ਹੰਢਾਈ
ਗਲ਼ ਵਿਚ ਪਿਆ ਮੰਡਾਸਾ ਤੇਰੇ
ਜਦੋਂ ਚੌਰਾਸੀ ਆਈ

ਤੂੰ ਆਇਆ ਮੁਗਲਾਂ ਨਾਲ ਲੜਦਾ
ਸੀਨੇ ਟੱਕ ਲਵਾਏ
ਤੂੰ ਨਾਦਰ, ਅਬਦਾਲੀ ਸਾਂਭੇ
ਪਰਬਤ ਚੜ੍ਹ ਕੇ ਆਏ

ਤੈਨੂੰ ਫਾਹੇ ਲਾ ਨੀ ਸਕਿਆ
ਕੋਈ ਜ਼ਕਰੀਆ, ਯਾਹੀਆ
ਤੇਰੇ ਹੱਥਾਂ ਦੇ ਵਿੱਚ ਬਰਕਤ
ਹਰਿਮੰਦਰ ਦੇ ਰਾਹੀਆ

ਤੂੰ ਝੱਲੇ ਨੇ ਘੱਲੂਘਾਰੇ,
ਸਾਕੇ ਅਤੇ ਤਬਾਹੀਆਂ
ਤੇਰੇ ਨਕਸ਼ੇ ਉਤੇ ਬਾਬਾ
ਫਿਰਨ ਨੀ ਦੇਂਦਾ ਸਿਆਹੀਆਂ

ਦੀਪ ਸਿੰਘ, ਮਹਿਤਾਬ
ਤੇ ਨਲੂਏ ਵਰਗੇ ਯੋਧੇ ਤੇਰੇ
ਤੇਰੇ ਹੀ ਜਰਨੈਲਾਂ
ਖ਼ੈਬਰ ਤੀਕ ਟਿਕਾਣੇ ਘੇਰੇ

ਤੇਰੇ ਸ਼ਾਮ ਅਟਾਰੀ ਵਾਲ਼ੇ
ਮਾਝੇ ਨੂੰ ਚਮਕਾਇਆ
ਤੇਰੇ ਗੁਰੂ ਦੇ ਘਰ ਨੂੰ ਵੇਖਣ
ਕਿਹੜਾ ਦੇਸ਼ ਨੀ ਆਇਆ

ਤੂੰ ਮਿੱਟੀ ਨਾਲ਼ ਮਿੱਟੀ ਹੋਇਆ
ਅਣਖਾਂ ਦੇ ਮੂੰਹ ਧੋਤੇ
ਤੇਰੇ ਜਾਏ ਸਰਹੱਦਾਂ 'ਤੇ
ਪਹਿਰਾ ਦੇਣ ਖਲੋਤੇ

ਤੂੰ ਨੰਗੇ ਸਿਰ ਛਾਂਵਾਂ ਕਰੀਆਂ
ਤੂੰ ਡਿੱਗੇ ਗਲ਼ ਲਾਏ
ਨਾਨਕ ਦੇ ਵਿਰਸੇ ਦਾ ਵਾਰਸ
ਭੁੱਖੇ ਢਿੱਡ ਰਜਾਏ

ਤੂੰ ਹਾਕਮ ਦੀ ਚੌਧਰ ਢਾਹੀ
ਦਿੱਲੀ ਦੇ ਵਿੱਚ ਡਟਿਆ
ਤੂੰ ਖੇਤਾਂ ਦਾ ਰਾਜਾ
ਦਾਣੇ ਵੰਡਣ ਤੋਂ ਨਾ ਹਟਿਆ

ਲਹਿੰਦੇ ਨੇ ਵੀ ਨਾਲ਼ ਤੇਰੇ ਹੈ
ਭਾਈਆਂ ਵਾਲ਼ੀ ਕੀਤੀ
ਤਖ਼ਤਾਂ ਦੇ ਵੀ ਸਮਝ ਨਾ ਆਈ
ਤਕਸੀਮਾਂ ਦੀ ਨੀਤੀ

ਤੇਰੇ ਚੋਬਰ ਲਾ ਦਿੰਦੇ ਨੇ
ਦਰਿਆਵਾਂ ਨੂੰ ਨੱਕੇ
ਤੈਨੂੰ ਡੁੱਬਦਾ ਵੇਖਣ ਵਾਲ਼ੇ
ਰਹਿ ਗਏ ਹੱਕੇ-ਬੱਕੇ

ਔਕੜਾਂ ਵਾਲ਼ੀ ਖਾਲ਼ੀ ਟੱਪ ਜਾ
ਹੰਭਲ਼ਾ ਮਾਰ ਕੇ ਜੱਟਾ
ਤੇਰੇ ਲਈ ਇਹ ਆਫ਼ਤ ਜੀਕਣ
ਅੱਖ 'ਚ ਪੈ ਜਾਏ ਘੱਟਾ

ਤੂੰ ਤੇ ਇਕ ਦਿਨ ਉੱਠ ਪਵੇਂਗਾ
ਕਰ ਕੇ ਜਰਾ ਦਲੇਰੀ
ਐਪਰ ਹਰ ਇਕ ਰਾਜ ਦੇ ਅੰਦਰ
ਗੱਲ ਹੋਊਗੀ ਤੇਰੀ

ਸ਼ਾਲਾ! ਲੰਮੀਆਂ ਉਮਰਾਂ ਮਾਣੇ
ਤੇਰਾ ਭਾਈਚਾਰਾ
ਤੈਨੂੰ ਤਾਂ ਦਰਵੇਸ਼ਾ!
ਆਪਣਾ ਹਰ ਫ਼ਰਜ਼ੰਦ ਪਿਆਰਾ

ਜ਼ਖ਼ਮਾਂ ਉੱਤੇ ਸਬਰ ਲਗਾ ਲੈ!
ਵੱਡਾ ਕਰ ਲੈ ਜੇਰਾ
ਮਾਰ ਦਹਾੜ! ਤੇ ਸਾਂਭ ਲੈ ਆਪਣਾ
ਜੰਗਲ਼ ਮੁੜ ਤੋਂ ਸ਼ੇਰਾ!



**ਰਿਤੂ ਵਾਸੂਦੇਵ**

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਲੋੜਵੰਦਾਂ ਨੂੰ ਚੈੱਕ ਵੰਡੇ ਗਏ

## ਤਲਵੰਡੀ ਸਾਬੋ ਵਿਖੇ ਲੱਗੇਗਾ ਵਿਸ਼ਾਲ ਅੱਖਾਂ ਦਾ ਆਪਰੇਸ਼ਨ ਕੈਂਪ- ਪ੍ਰੋ. ਜੇ.ਐਸ. ਬਰਾੜ



ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ ਅਤੇ ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਡਾਇਰੈਕਟਰ ਸਿਹਤ ਸੇਵਾਵਾਂ, ਡਾ. ਆਰ.ਐਸ. ਅਟਵਾਲ, ਡਾ. ਦਲਜੀਤ ਸਿੰਘ ਗਿੱਲ ਅਤੇ ਸ੍ਰੀਮਤੀ ਇੰਦਰਜੀਤ ਕੌਰ ਗਿੱਲ ਡਾਇਰੈਕਟਰ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵਲੋਂ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਚੈੱਕ ਵੰਡੇ ਗਏ। ਜਾਣਕਾਰੀ ਦਿੰਦੇ ਹੋਏ ਜਿਲ੍ਹਾ ਪ੍ਰਧਾਨ ਪ੍ਰੋ. ਜੇ.ਐਸ. ਬਰਾੜ ਨੇ ਦੱਸਿਆ ਕਿ ਅੱਜ ਬਠਿੰਡਾ ਜਿਲ੍ਹਾ ਵਿਚ ਟਰੱਸਟ ਵੱਲੋਂ ਸਰੀਰਕ ਤੌਰ ਤੇ ਅਪੰਗ, ਵੱਖ ਵੱਖ ਬਿਮਾਰੀਆਂ ਤੋਂ ਪੀੜਿਤ ਅਤੇ ਵਿਧਵਾਵਾਂ ਸਮੇਤ ਲਗਭਗ 279 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਚੈੱਕ ਵੰਡੇ ਗਏ ਅਤੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹੇ ਵਿਚ 8 ਤੋਂ ਵੱਧ ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਦਿਉਣ, ਤਲਵੰਡੀ ਸਾਬੋ, ਮੌੜ ਮੰਡੀ, ਚਾਉਕੇ, ਮੰਡੀ ਕਲਾਂ, ਮਹਿਰਾਜ, ਬਾਲਿਆਂਵਾਲਾ ਅਤੇ ਮੱਲਵਾਲਾ ਕੰਮ ਕਰ ਰਹੇ ਹਨ। ਇਹ ਲੈਬੋਰੇਟਰੀਆਂ ਵਿਚ ਸਾਰੇ ਟੈਸਟ ਮਾਰਕਿਟ ਰੇਟਾਂ ਤੋਂ 5ਵਾਂ ਤੋਂ 10ਵਾਂ ਹਿੱਸਾ ਰੇਟ ਤੇ ਹੁੰਦੇ ਹਨ। ਉਦਾਹਰਨ ਦੇ ਤੌਰ ਤੇ ਈ.ਸੀ.ਜੀ. ਸਿਰਫ 20 ਰੁ. ਵਿਚ ਹੁੰਦੀ ਹੈ ਅਤੇ ਟਰੱਸਟ ਵੱਲੋਂ ਲਗਾਤਾਰ ਮੈਡੀਕਲ ਕੈਂਪ ਅਤੇ ਸਰਕਾਰੀ ਸਕੂਲਾਂ ਵਿਚ ਫ੍ਰੀ ਬਲੱਡ ਗਰੁੱਪ ਲਗਾਤਾਰ ਜਾਰੀ ਹਨ। ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿਚ ਜਿਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਹੈ, ਆਰ.ਓ ਦਾਨ ਵਜੋਂ ਦਿੱਤੇ ਜਾ ਰਹੇ ਹਨ। ਲੋੜਵੰਦ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਫੀਸ ਵੀ ਟਰੱਸਟ ਵਲੋਂ ਭਰੀ ਜਾ ਰਹੀ ਹੈ। ਲੋੜਵੰਦਾਂ ਨੂੰ ਮਕਾਨ ਵੀ ਬਣਾ ਕੇ ਦਿੱਤੇ ਜਾ ਰਹੇ ਹਨ। ਟਰੱਸਟ ਵੱਲੋਂ 21 ਦਸੰਬਰ ਨੂੰ ਗੁਰਦੁਆਰਾ ਲੰਗਰ ਬੂੰਗਾ ਮਸਤੂਆਣਾ ਤਲਵੰਡੀ ਸਾਬੋ ਵਿਖੇ ਵਿਸ਼ਾਲ ਬਾਬਾ ਕਾਕਾ ਸਿੰਘ ਜੀ ਦੇ ਸਹਿਯੋਗ ਨਾਲ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ ਜਿੱਥੇ ਮਰੀਜ਼ਾਂ ਨੂੰ ਦਵਾਈਆਂ ਤੇ ਐਨਕਾਂ ਟਰੱਸਟ ਵੱਲੋਂ ਦਿੱਤੀਆਂ ਜਾਣਗੀਆਂ ਅਪਰੇਸ਼ਨ ਯੋਗ ਪਾਏ ਗਏ ਮਰੀਜ਼ਾਂ ਦੇ ਅਪਰੇਸ਼ਨ ਐਸਪੀ ਹਸਪਤਾਲ ਮੌੜ ਮੰਡੀ ਵਿਖੇ ਡਾਕਟਰ ਕੇ ਪੀਐਸ ਗਿੱਲ ਦੁਆਰਾ ਕੀਤੇ ਜਾਣਗੇ । ਸਰਬੱਤ ਦਾ ਭਲਾ ਚੈਰੀਟੇਬਲ ਟਰਸਟ ਬਠਿੰਡਾ ਕਾਈ ਦੇ ਮੈਂਬਰ ਰਾਜ ਮੁਕੱਦਰ ਸਿੱਧੂ ਜੋ ਕਿ ਤਲਵੰਡੀ ਸਾਬੋ ਵਾਲੇ ਕੈਂਪ ਦੇ ਕੈਂਪ ਇਨਚਾਰਜ ਵੀ ਹਨ ਨੇ ਤਲਵੰਡੀ ਸਾਬੋ ਅਤੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ ਤੇ ਵੱਧ ਤੋਂ ਵੱਧ ਲੋੜਵੰਦ ਮਰੀਜ਼ਾਂ ਨੂੰ ਇਸ ਕੈਂਪ ਵਿੱਚ ਪਹੁੰਚਾਇਆ ਜਾਵੇ। ਇਸ ਮੌਕੇ ਜਨਰਲ ਸੈਕਟਰੀ ਅਮਰਜੀਤ ਸਿੰਘ, ਕੈਸ਼ੀਅਰ ਬਲਦੇਵ ਸਿੰਘ ਅਤੇ ਮੈਂਬਰ ਗੁਰਪਿਆਰ ਸਿੰਘ, ਮੈਨੇਜ਼ਰ ਗੁਰਤੇਜ ਸਿੰਘ ਸਿੱਧੂ, ਬਲਵੀਰ ਸਿੰਘ, ਬਲਜੀਤ ਸਿੰਘ ਅਤੇ ਪ੍ਰੀਤਮ ਸਿੰਘ ਹਾਜ਼ਰ ਸਨ।

# ਗੁਰਬਾਣੀ ਅਤੇ ਵਾਤਾਵਰਨ

ਅਜੋਕੀ ਦੁਨੀਆਂ ਵਿਗਿਆਨ ਅਤੇ ਤਕਨੀਕ ਦਾ ਦਮ ਭਰਦੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਦੀਆਂ ਪੌੜੀਆਂ ਚੜ੍ਹ ਰਹੀ ਹੈ। ਦੁਨੀਆਂ ਦੀ ਬੇਲਗਾਮ ਤਰੱਕੀ ਦੀ ਚਾਲ ਨੇ ਬੁੱਧੀਜੀਵੀ ਵਰਗ ਨੂੰ ਚਿੰਤਨ ਵਿੱਚ ਪਾਇਆ ਹੈ। ਦੁਨੀਆਂ ਵਿੱਚ ਹਰ ਘੜੀ ਹਰ ਪਲ ਕੁਝ ਨਾ ਕੁਝ ਨਵਾਂ ਖੋਜਿਆ ਜਾਂ ਸਿਰਜਿਆ ਜਾ ਰਿਹਾ ਹੈ ਪਰੰਤੂ ਇਸ ਦੇ ਨਾਲ ਨਾਲ ਸਮਾਜ ਦੇ ਗਿਆਨਵਾਨ ਤਬਕੇ ਨੂੰ ਪਲੀਤ ਹੁੰਦੇ ਵਾਤਾਵਰਨ ਦੀ ਚਿੰਤਾ ਅੰਦਰੋਂ ਅੰਦਰੀ ਘੁਣ ਵਾਂਗੂੰ ਖਾ ਰਹੀ ਹੈ। ਦੁਨੀਆ ਦੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਸੁਹਿਰਦ ਕਰਨ ਲਈ ਕੁਝ ਖਾਸ ਦਿਨ ਮਨਾਉਣ ਦੀ ਕਵਾਇਦ ਪਿਛਲੇ ਕਾਫੀ ਲੰਮੇ ਸਮੇਂ ਤੋਂ ਚੱਲ ਰਹੀ ਹੈ। ਇਹਨਾਂ ਖਾਸ ਦਿਨਾਂ ਨੂੰ ਮਨਾਉਣ ਦਾ ਮੁੱਖ ਮੰਤਵ ਦੁਨੀਆਂ ਨੂੰ ਵਾਤਾਵਰਨ ਪ੍ਰਤੀ ਸੁਚੇਤ ਕਰਨਾ ਹੈ। ਤਰੱਕੀ ਅਤੇ ਉਨਤੀ ਦੇ ਪੈਂਡੇ ਨੂੰ ਤੈਅ ਕਰਨ ਵਿੱਚ ਦੁਨੀਆ ਪ੍ਰਦੂਸ਼ਣ ਦਾ ਸ਼ਿਕਾਰ ਹੋ ਗਈ ਹੈ ਜਿਸ ਵਿੱਚ ਜਲ ਪ੍ਰਦੂਸ਼ਣ ,ਪਾਣੀ ਪ੍ਰਦੂਸ਼ਣ , ਆਵਾਜ਼ ਦਾ ਪ੍ਰਦੂਸ਼ਣ ਅਤੇ ਧਰਤੀ ਪ੍ਰਦੂਸ਼ਣ ਆਦਿ ਮੁੱਖ ਰੂਪ ਵਿੱਚ ਸ਼ਾਮਿਲ ਹਨ। ਜਿਸ ਕਾਰਜ ਨੂੰ ਮਨੁੱਖੀ ਚੇਤਨਾ ਨੇ ਅੱਜ ਸਵੀਕਾਰਿਆ ਹੈ ਉਸੇ ਹੀ ਕਾਰਜ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਆਪਣੀ ਪਵਿੱਤਰ ਬਾਣੀ ਸ੍ਰੀ ਜਪੁਜੀ ਸਾਹਿਬ ਵਿੱਚ ਖਾਸ ਤਰਜ਼ੀਹ ਦਿੱਤੀ ਹੈ। ਸ੍ਰੀ ਜਪੁ ਜੀ ਸਾਹਿਬ ਦੀ ਬਾਣੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਮੁਖਾਰ ਬਿੰਦ ਤੋਂ ਉਚਾਰਿਤ ਹੈ ਅਤੇ ਇਹ ਪਾਵਨ ਬਾਣੀ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਵਿੱਚ ਦਰਜ ਹੈ।

ਸ੍ਰੀ ਜਪੁ ਜੀ ਸਾਹਿਬ ਜੀ ਦੇ ਦੋ ਸਲੋਕ ਹਨ ।

ਪਹਿਲਾ ਸਲੋਕ

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ 1

ਇਹ ਉਪਕਰਣ ਸਲੋਕ ਹੈ ਜਿਸ ਨੂੰ ਪਹਿਲਾ ਸਲੋਕ ਕਹਿੰਦੇ ਹਨ।

ਦੂਜਾ ਸਲੋਕ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਅੰਗ 8

ਜੋ ਆਖ਼ਰੀ ਸਲੋਕ ਹੈ ਜਿਸਨੂੰ ਉਪਸੰਘਾਰ ਸਲੋਕ ਕਹਿੰਦੇ ਹਨ।

ਸਲੋਕੁ ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਉਪਰੋਕਤ ਸ਼ਬਦਾਂ ਰਾਹੀਂ ਗੁਰੂ ਨਾਨਕ ਦੇਵ ਜੀ ਮਨੁੱਖੀ ਚੇਤਨਾਂ ਨੂੰ ਝੰਝੋੜਦੇ ਹੋਏ ਪਾਣੀ ਨੂੰ ਪਿਤਾ ,ਧਰਤੀ ਨੂੰ ਮਾਤਾ ਅਤੇ ਹਵਾ ਨੂੰ ਗੁਰੂ ਦਾ ਦਰਜਾ ਦਿੰਦੇ ਸਮੁੱਚੀ ਲੋਕਾਈ ਨੂੰ ਵਾਤਾਵਰਨ ਪ੍ਰਤੀ ਸੁਹਿਰਦਤਾ ਦੀ ਸੇਧ ਦਿੱਤੀ ਹੈ ਹੈ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਆਸਾ ਦੀ ਵਾਰ ਵਿੱਚ ਪਾਣੀ ਦੀ ਮਹਤੱਤਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ:-

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥

ਉਪਰੋਕਤ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਨੇ ਮਨੁੱਖਾਂ ਨੂੰ ਪਾਣੀ ਦੀ ਮਹੱਤਤਾ ਬਾਰੇ ਬਹੁਤ ਡੂੰਘਾ ਸਮਝਾਇਆ ਹੈ।

ਅੱਜ ਦੁਨੀਆਂ ਭਰ ਦੇ ਵਿੱਦਿਅਕ ਮਾਹਰ ਅਤੇ ਸਿੱਖਿਆ ਸ਼ਾਸਤਰੀ ਕਹਿੰਦੇ ਹਨ ਕਿ ਪਾਣੀ ਕੁਦਰਤ ਦਾ ਅਨਮੋਲ ਦਾਤ ਹੈ ਤੇ ਧਰਤੀ ਉੱਤੇ ਸਮੁੱਚੇ ਜੀਵਨ ਦਾ ਮੂਲ ਅਧਾਰ ਪਾਣੀ ਹੀ ਹੈ। ਪਾਣੀ ਇਸ ਕਾਇਨਾਤ ਦੀ ਜੀਵਨ ਰੇਖਾ ਹੈ। ਪਾਣੀ ਤੋਂ ਬਿਨਾਂ ਧਰਤੀ ’ਤੇ ਜੀਵਨ ਅਸੰਭਵ ਹੈ। ਮਨੁੱਖੀ ਸਰੀਰ ਦਾ ਦੋ ਤਿਹਾਈ ਹਿੱਸਾ ਪਾਣੀ ਹੈ ਸਰੀਰ ਦੇ ਅੱਸੀ ਫੀਸਦੀ ਭਾਗ ਵਿੱਚ ਪਾਣੀ ਹੈ। ਉਪਰੋਕਤ ਤੋਂ ਇਹ ਸਿੱਧ ਹੁੰਦਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਕਿੰਨੀ




ਦੂਰ ਅੰਦੇਸ਼ੀ ਸੀ ਜੋ ਉਹਨਾਂ ਨੇ ਸਦੀਆਂ ਪਹਿਲਾਂ ਮਨੁੱਖਾਂ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਲਈ ਤਾਕੀਦ ਕੀਤਾ ਸੀ।

ਇਸ ਧਰਤੀ ਉੱਤੇ ਜੀਵਾਂ ਨੂੰ ਹਵਾ ਦੀ ਲੋੜ ਹੈ ਅਤੇ ਪਾਵਨ ਗੁਰਬਾਣੀ ਅਨੁਸਾਰ ਹਵਾ ਨੂੰ ਬਹੁਤ ਪਵਿੱਤਰ ਦਰਜਾ ਦਿੱਤਾ ਗਿਆ ਹੈ ਅਤੇ “ਪਵਣ ਗੁਰੂ” ਅਤੇ “ ਗੁਰਮੁਖਿ“ ਵਰਗੇ ਉੱਤਮ ਸ਼ਬਦਾਂ ਨਾਲ ਸੰਬੋਧਿਤ ਕੀਤਾ ਗਿਆ ਹੈ:

ਗੁਰਮੁਖਿ ਧਰਤੀ ਗੁਰਮੁਖਿ ਪਾਣੀ॥

ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ॥ ਮਾਝ ਮਹਲਾ ੩ ਅੰਗ 117

ਸੰਸਾਰਿਕ ਗਿਆਨ ਅਨੁਸਾਰ ਜੀਵਨ ਦੀ ਰੇਖਾ ਹਵਾ ਰਾਹੀਂ ਹੀ ਚੱਲਦੀ ਹੈ ਅਤੇ ਇਹ ਵਿਗਿਆਨਿਕ ਤੌਰ ਦੇ ਉੱਤੇ ਸਿੱਧ ਕੀਤਾ ਗਿਆ ਹੈ ਕਿ ਸਾਫ ਹਵਾ ਫੇਫੜਿਆਂ ਵਿੱਚ ਜਾਂਦੀ ਤੇ ਗੰਦੀ ਹਵਾ ਬਾਹਰ ਨਿਕਲਦੀ ਹੈ।ਇਸੇ ਸਾਹ ਪ੍ਰਕਿਰਿਆ ਰਾਹੀਂ ਜੀਵਾਂ ਵਿੱਚ ਆਕਸੀਜ਼ਨ ਰੂਪੀ ਗੈਸ ਅੰਦਰ ਜਾਂਦੀ ਹੈ ਅਤੇ ਕਾਰਬਨ ਡਾਈਆਕਸਾਈਡ ਰੂਪੀ ਗੈਸ ਬਾਹਰ ਆਉਂਦੀ ਹੈ। ਉਸ ਕਾਦਰ ਦੀ ਅਜ਼ਬ ਕੁਦਰਤ ਵਿੱਚ ਬਨਸਪਤੀ ਰੂਪੀ ਰੁੱਖ ਅਤੇ ਪੌਦੇ ਦਿਨ ਵੇਲੇ ਆਕਸੀਜ਼ਨ ਪੈਦਾ ਕਰਦੇ ਹਨ ਅਤੇ ਕਾਰਬਨ ਡਾਈਆਕਸਾਈਡ ਧਰਤੀ ਦੇ ਵਾਤਾਵਰਨ ਵਿੱਚੋਂ ਸੋਖਦੇ ਹਨ। ਬਨਸਪਤੀ ਦੀ ਇਹ ਕਿਰਿਆ ਕਰਕੇ ਹੀ ਕਰਕੇ ਧਰਤੀ ਦੇ ਸਮੁੱਚੇ ਜੀਵਾਂ ਦੇ ਸਾਹ ਚਲਦੇ ਹਨ ਅਤੇ ਜਿਸ ਨਾਲ ਜੀਵਨ ਚਲਦਾ ਹੈ। ਗੁਰਬਾਣੀ ਮਨੁੱਖਾਂ ਨੂੰ ਸਪਸ਼ਟ ਸੇਧ ਦੇ ਰਹੀ ਹੈ ਕਿ ਧਰਤੀ ਬਚਾਉਣ ਲਈ ਸਿਆਣੇ ਖੋਜਕਾਰਾਂ, ਵਾਤਾਵਰਣ ਮਾਹਰਾਂ ਨਾਲ ਮਿਲ ਕੇ ਬੈਠੋ, ਵਿਚਾਰਾਂ ਕਰੋ ਅਤੇ ਪ੍ਰਦੂਸ਼ਨ ਖਤਮ ਕਰਨ ਲਈ ਠੋਸ ਕਦਮ ਚੁੱਕੋ। ਉਸ ਪਵਿੱਤਰ ਕੁਦਰਤ ਦੀ ਸਾਂਭ ਸੰਭਾਲ ਕਰਕੇ ਹੀ ਧਰਤੀ ਦੇ ਜੀਵ ਆਪਣਾ ਅਤੇ ਸਮੁੱਚੇ ਜੀਵਾਂ ਦਾ ਜੀਵਨ ਸੰਵਾਰ ਸਕਦੇ ਹਨ।

ਸਮੁੱਚੀ ਮਨੁੱਖਤਾ ਨੂੰ ਵਾਤਾਵਰਨ ਦੀ ਸਾਫ ਸਫ਼ਾਈ ਪ੍ਰਤੀ ਸੁਚੇਤ ਕਰਦੇ ਹੋਏ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਫਰਮਾਉਂਦੇ ਹਨ

ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ॥ ਪੰਨਾ ੭੨੩

‘ਹਵਾ, ਜਲ, ਧਰਤੀ ਤੇ ਅਕਾਸ਼ ਉਸ ਪਰਮ ਪਿਤਾ ਅਕਾਲ ਪੁਰਖ ਦਾ ਘਰ ਰੂਪੀ ਪਵਿੱਤਰ ਮੰਦਰ ਹੈ ਜਿਸ ਵਿੱਚ ਸਰਬ ਸ਼ਕਤੀਮਾਨ ਅਕਾਲ ਪੁਰਖ ਵਾਸ ਕਰਦੇ ਹਨ੍ਹ।ਗੁਰੂ ਸਾਹਿਬ ਉਪਰੋਕਤ ਸ਼ਬਦਾਂ ਰਾਹੀਂ ਸਮੁੱਚੀ ਲੁਕਾਈ ਨੂੰ ਵਾਤਾਵਰਨ ਦੂਸ਼ਿਤ ਕਰਨ ਤੋਂ ਗੁਰੇਜ਼ ਕਰਨ ਲਈ ਸੇਧ ਪ੍ਰਦਾਨ ਕਰਦੇ ਹਨ।

ਪਵਿੱਤਰ ਗੁਰਬਾਣੀ ਮਨੁੱਖਾਂ ਨੂੰ ਸਿਖਾਉਂਦੀ ਹੈ ਕਿ ਮਨੁੱਖ ਕੁਦਰਤ ਤੋਂ ਬਹੁਤ ਕੁਝ ਸਿੱਖ ਸਕਦਾ ਹੈ। ਉਸ ਕਾਦਰ ਦੀ ਕੁਦਰਤ ਸਮੁੱਚੇ ਜੀਵਾਂ ਨੂੰ ਤਿਆਗ, ਕੁਰਬਾਨੀ, ਸਬਰ, ਪਿਆਰ, ਹੌਸਲਾ, ਸਫਾਈ ਤੇ ਨਿਰਪਖ ਸੇਵਾ ਦੀ ਭਾਵਨਾ ਦਾ ਸਬਕ ਸਿਖਾਉਂਦੀ ਹੈ। ਜੀਵਾਂ ਦਾ ਪ੍ਰਕਿਰਤੀ ਨਾਲ ਰਿਸ਼ਤਾ ਕੇਵਲ ਸਰੀਰਕ ਹੀ ਨਹੀਂ ਆਤਮਕ ਵੀ ਹੈ। ਗੁਰੂ ਸਾਹਿਬਾਨ ਦੀ ਬਾਣੀ ਵਿੱਚ ਮਨੁੱਖ ਨੂੰ ਸਦਾ ਪ੍ਰਕਿਰਤੀ ਦੀ ਇੱਜ਼ਤ ਕਰਨ ਅਤੇ ਇਸ ਦੀ ਸੰਭਾਲ ਕਰਨ ਦੀ ਸਿੱਖਿਆ ਮਿਲਦੀ ਹੈ। ਆਧੁਨਿਕ ਦੁਨੀਆ ਵਿੱਚ ਜਿੱਥੇ ਵਾਤਾਵਰਨ ਪ੍ਰਦੂਸ਼ਣ, ਜੰਗਲਾਂ ਦੀ ਕਟਾਈ, ਪਾਣੀ ਦੀ ਕਮੀ ਅਤੇ ਗਲੋਬਲ ਵਾਰਮਿੰਗ ਵਧ ਰਹੀ ਹੈ, ਉੱਥੇ ਗੁਰਬਾਣੀ ਦੀ ਸਿੱਖਿਆ ਅਜੋਕੇ ਸਮਾਜ ਤੇ ਉਧਾਰ ਲਈ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ।

ਵਾਤਾਵਰਨ ਸੰਭਾਲ ਦੀ ਲੋੜ

ਅੱਜਕਲ ਪੈਸਾ ਕਮਾਉਣ ਦੀ ਅੰਨ੍ਹੀ ਦੌੜ ਵਿੱਚ ਮਨੁੱਖ ਨੇ ਪ੍ਰਕਿਰਤੀ ਨਾਲ ਖਿਲਵਾੜ ਕੀਤੀ ਹੈ। ਦਰੱਖਤਾਂ ਦੀ ਬੇਲਗਾਮ ਕਟਾਈ, ਨਦੀਆਂ ਦੇ ਗੰਦੇ ਹੋਣ, ਹਵਾ ਵਿੱਚ ਜ਼ਹਿਰੀਲੇ ਧੂੰਏ ਕਾਰਨ ਜੀਵਨ ਖਤਰੇ ਵਿੱਚ ਪੈ ਗਿਆ ਹੈ। ਗੁਰਬਾਣੀ ਸਾਨੂੰ ਸਧਾਰਨ ਜੀਵਨ, ਸੰਤੁਲਿਤ ਭੋਗ ਅਤੇ ਪ੍ਰਕਿਰਤੀ ਨਾਲ ਪਵਿੱਤਰ ਬਣਾਈ ਰੱਖਣ ਦੀ ਪ੍ਰੇਰਣਾ ਦਿੰਦੀ ਹੈ।

ਗੁਰਬਾਣੀ ਦੇ ਅਮਲ ਨਾਲ ਵਾਤਾਵਰਨ ਦੀ ਰੱਖਿਆ

ਸਿਮਰਨ ਅਤੇ ਸ਼ੁਕਰਾਣਾ:

ਗੁਰਬਾਣੀ ਸਾਨੂੰ ਸਿਖਾਉਂਦੀ ਹੈ ਕਿ ਧਰਤੀ ਤੇ ਜੋ ਕੁਝ ਹੈ, ਉਹ ਵਾਹਿਗੁਰੂ ਦੀ ਨੇਮਤ ਹੈ। ਇਸ ਲਈ ਹਰ ਚੀਜ਼ ਦੀ ਕਦਰ ਕਰਨੀ ਚਾਹੀਦੀ ਹੈ।

ਦਰੱਖਤ ਲਗਾਉਣਾ:

ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥੧॥

ਗੁਰਬਾਣੀ ਨੇ ਮਨੁੱਖ ਨੂੰ ਧਰਤੀ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਹੈ ਅਤੇ ਗੁਰਬਾਣੀ ਮਨੁੱਖ ਨੂੰ ਕੁਦਰਤ ਤੋਂ ਬਲਿਹਾਰੇ ਜਾਣ ਦੀ ਪ੍ਰੇਰਨਾ ਦਿੰਦੀ ਹੈ।

ਜੀਵ ਜੰਤੂਆਂ ਨਾਲ ਦਇਆ ਭਾਵਨਾ: ਗੁਰਬਾਣੀ ਦੱਸਦੀ ਹੈ ਕਿ ਹਰ ਜੀਵ ਵਿਚ ਵਾਹਿਗੁਰੂ ਦੀ ਜੋਤ ਵਿਆਪਕ ਹੈ। ਇਸ ਲਈ ਜੀਵ ਜੰਤੂਆਂ ਦੀ ਰੱਖਿਆ ਕਰਨੀ ਚਾਹੀਦੀ ਹੈ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਕਹਾਣੀ/" ਅੰਨ੍ਹੀ ਅਨ੍ਹੇਰੀ "

ਰੇਲਵੇ ਸਟੇਸ਼ਨ ਤੇ ਯਾਤਰੀਆਂ ਦੀ ਭੀੜ ਜੁੜੀ ਹੋਈ ਸੀ। ਅਜੇ ਰੇਲ ਦੇ ਆਉਣ ਵਿੱਚ ਕੁਝ ਸਮਾਂ ਰਹਿੰਦਾ ਸੀ। ਸਰਜੂ ਰੇਲ ਦੇ ਡੱਬਿਆਂ ਦੇ ਨਾਲ਼ ਨਾਲ਼ ਛੋਟੀਆਂ ਛੋਟੀਆਂ ਚੀਜ਼ਾਂ ਜਿਵੇਂ ਰੁਮਾਲ , ਜੁਰਾਬਾਂ ਅਤੇ ਪੇਪਰ ਸੋਪ ਵ਼ਗੈਰਾ ਆਵਾਜ਼ ਦੇ ਕੇ ਵੇਚ ਰਿਹਾ ਸੀ।

ਇਹ ਵੱਡਾ ਰੇਲਵੇ ਜੰਕਸ਼ਨ ਹੋਣ ਕਰਕੇ ਅਲਗ ਅਲਗ ਪਲੇਟਫਾਰਮਾਂ ਤੇ ਤਿੰਨ ਚਾਰ ਰੇਲ ਗੱਡੀਆਂ ਹਰ ਸਮੇਂ ਖੜ੍ਹੀਆਂ ਰਹਿੰਦੀਆਂ । ਚਾਹ ਵਾਲੀਆਂ ਰੇਹੜੀਆਂ ਅਤੇ ਸਟਾਲ ਹਰ ਪਲੇਟ ਫਾਰਮ ਤੇ ਬਹੁਤ ਗਿਣਤੀ ਵਿੱਚ ਹੋਣ ਕਰਕੇ ਸੈਂਕੜੇ ਵੈਂਡਰ ਕੰਮ ਕਰਦੇ ਰਹਿੰਦੇ । ਜਿਸ ਪਲੇਟਫਾਰਮ ਤੇ ਰੇਲ ਆਉਣੀ ਹੁੰਦੀ ਏ ਓਥੇ ਵੱਧ ਰੌਣਕ ਹੁੰਦੀ। ਵੈਂਡਰਾਂ ਦੀ ਚਾਹ ਲਈ " ਚਾਏ ਚਾਏ" ਅਤੇ " ਪੂਰੀ ਗਰਮ ਏ " ਦੀਆਂ ਰਲੀਆਂ -ਮਿਲੀਆਂ ਆਵਾਜ਼ਾਂ ਦਾ ਰੌ਼ਲਾ - ਰੱਪਾ ਰੌਣਕ ਵਿੱਚ ਬਦਲ ਜਾਂਦਾ ।

ਏਹੀ ਮਾਹੌਲ ਸਰਜੂ ਨੂੰ ਚੰਗਾ ਲਗਦਾ । ਸਰਜੂ , ਜਿਸ ਨੂੰ ਅੱਖਾਂ ਤੋਂ ਦਿਸਦਾ ਨਹੀਂ । ਉਸਦੀ ਜ਼ਿੰਦਗੀ ਵਿੱਚ ਭਾਂਵੇਂ ਹਨ੍ਹੇਰਾ ਹੈ ਪਰ ਉਸਦੇ ਅੰਦਰਲੀ ਰੌਸ਼ਨੀ ਨਾ਼ਲ ਇੱਕ ਸਦੀਵੀ ਲੋਅ ਜਗਦੀ ਰਹਿੰਦੀ ਹੈ ਜਿਹੜੀ ਕਦੇ ਭੁਝਦੀ ਨਹੀਂ। ਬਚਪਨ ਵਿੱਚ ਉਸਦੀ ਨਿਗ੍ਹਾ ਚਲੀ ਗਈ ਸੀ । ਓਹ ਯੂ ਪੀ ਦੇ ਇੱਕ ਪਿੰਡ ' ਚੋਂ ਕਿਸੇ ਨਾ਼ਲ ਇਧਰ ਪੰਜਾਬ ਦੇ ਬਠਿੰਡਾ ਸ਼ਹਿਰ ਵਿੱਚ ਆ ਗਿਆ ਤੇ ਉਦੋਂ ਤੋਂ ਹੀ ਰੇਲਵੇ ਸਟੇਸ਼ਨ ਤੇ ਕੰਮ ਕਰਨ ਲੱਗ ਪਿਆ। ਓਹ ਇੱਕ ਹੱਥ ਵਿੱਚ ਲਾਲ ਤੇ ਚਿੱਟੇ ਰੰਗ ਵਾਲੀ ਸੋਟੀ ਫੜ੍ਹ ਕੇ ਦੂਸਰੇ ਹੱਥ ਵਿੱਚ ਰੁਮਾਲ, ਜੁਰਾਬਾਂ ਅਤੇ ਪੇਪਰ ਸੋਪ ਦੀਆਂ ਛੋਟੀਆਂ ਚੀਜ਼ਾਂ ਫਿਰ ਤੁਰ ਕੇ ਵੇਚਦਾ । ਰੇਲ ਦੇ ਡੱਬਿਆਂ ਦੇ ਨਾਲ ਨਾਲ ਜਾਂ ਕਦੇ ਡੱਬੇ ਵਿੱਚ ਚੜ੍ਹ ਕੇ ਵੇਚਦਾ । ਹਰ ਰੋਜ਼ ਜਾਣ ਵਾ਼ਲੇ ਮੁਸਾਫ਼ਿਰ ਉਸ ਕੋ਼ਲੋਂ ਜਰੂਰ ਕੁਛ ਨਾ ਕੁਛ ਖਰੀਦ ਲੈਂਦੇ । ਇਹ ਉਸਦਾ ਸਵੈਮਾਣ ਐ ਕਿ ਓਹ ਮੰਗਣਾਂ ਨਹੀਂ ਚਾਹੁੰਦਾ। ਇਹ ਉਸਦੀ ਜ਼ਿੰਦਗੀ ਦਾ ਮੰਤਰ ਐ ਕਿ ਮਿਹਨਤ ਕਰਕੇ ਖਾਣਾ। ਓਹ ਕਿਰਤ ਕਰ ਕੇ ਖਾਣ ਵਿੱਚ ਵਿਸ਼ਵਾਸ ਕਰਦਾ ਐ। ਓਹ ਇੱਕ ਮਜ਼ਬੂਤ ਦਿਲ ਵਾ਼ਲਾ ਅਣਖੀ ਬੰਦਾ ਐ ਜਿਹੜਾ ਆਪਣੀ ਅੰਗਹੀਣਤਾ ਨੂੰ ਅੰਦਰੋਂ ਸਵੀਕਾਰ ਨਹੀਂ ਕਰਦਾ ਅਤੇ ਕੰਮ ਕਰਕੇ ਖਾਣਾ ਚੰਗਾ ਸਮਝਦਾ ਐ । ਗਣੇਸ਼ , ਕਪਿਲ, ਅਨਿਲ, ਵਿਸ਼ਨੂੰ ਤੇ ਸੁਰਿੰਦਰ ਕਿੰਨੇ ਵੈਂਡਰਾਂ ਦੇ ਨਾਮ ਓਹ ਜਾਣਦਾ ਤੇ ਸਾਰੇ ਵੈਂਡਰ ਉਸਨੂੰ ਵੀ ਜਾਣਦੇ ਹਨ । ਓਹ ਚਾਹ ਦੀ ਜਾਂ ਪੂਰੀਆਂ ਦੀ ਖ਼ੁਸ਼ਬੂ ਪਹਿਚਾਣ ਕੇ ਰੇਹੜੀ ਦੀ ਪਹਿਚਾਣ ਕਰ ਲੈਂਦਾ ਕਿ ਇਹ ਕਿਸ ਦੀ ਰੇਹੜੀ ਐ । ਸਰਜੂ ਆਪਣੇ ਕੋ਼ਲ ਇੱਕ ਸਿਰ ਦਰਦ ਦੀਆਂ ਗੋਲੀਆਂ ਦਾ ਪੱਤਾ ਵੀ ਰੱਖਦਾ ਜੋ ਕਦੇ ਲੋੜ ਪੈਣ ਤੇ ਵਰਤ ਲੈਂਦਾ ਤੇ ਕਈ ਵੈਂਡਰ ਵੀ ਉਸ ਕੋ਼ਲੋਂ ਸਿਰ ਦਰਦ ਦੀ ਗੋ਼ਲੀ ਲੈ ਲੈਂਦੇ । ਕਪਿਲ ਉਸ ਨੂੰ ਮਜ਼ਾਕ ਨਾ਼ਲ ਡਾਕਟਰ ਕਹਿ ਕੇ ਬੁਲਾਉਣ ਲੱਗ ਪਿਆ । ਫਿਰ ਉਸਦੀ ਰੀਸ ਨਾ਼ਲ ਸਾਰੇ ਉਸ ਨੂੰ ਸਰਜੂ ਦੀ ਬਜਾਏ ਡਾਕਟਰ ਹੀ ਕਹਿਣ ਲਗ ਪਏ । ਯਾਤਰੀਆਂ ਦੀਆਂ ਗੱਲਾਂ ਬਾਤਾਂ ਦੀ ਭਿਣਕ , ਰੇਲ ਦਾ ਪਟੜੀ ਤੇ ਚੱਲਣ ਦੀ ਲੈਅ ਬਧ ਆਵਾਜ਼ ਉਸਦੀ ਜ਼ਿੰਦਗੀ ਵਿੱਚ ਤਾਲ - ਮੇਲ ਬਣਾ ਕੇ ਅਨੰਦਮਈ ਬਣਾ ਦਿੰਦੀਆਂ । ਓਸਨੂੰ ਚਾਹ ਪੂਰੀਆਂ ਦੀ ਖ਼ੁਸ਼ਬੂ ਅਤੇ ਗਹਿਮਾ ਗਹਿਮੀ ਵਾ਼ਲਾ ਮਾਹੌਲ ਚੰਗਾ ਲਗਦਾ ਸੀ ਤੇ ਇਸ ਮਾਹੌਲ ਵਿੱਚੋਂ ਓਹ ਨਿਕਲਣਾ ਨਹੀਂ ਸੀ ਚਾਹੁੰਦਾ ।

ਇੱਕ ਵਾਰ ਰਾਤ ਨੂੰ ਅਨ੍ਹੇਰੀ ਆਈ ਜਿਸ ਕਰਕੇ ਰੇਲ ਗੱਡੀਆਂ ਲੇਟ ਹੋ ਗਈਆਂ ਪਲੇਟਫਾਰਮਾਂ ਤੇ ਯਾਤਰੀਆਂ ਦੀ ਭੀੜ ਜੁੜ ਗਈ । ਇੱਕ ਲੰਬੇ ਪਲੇਟਫਾਰਮ ਤੇ ਜਿੱਥੇ ਕੋਈ ਰੇਹੜੀ ਜਾਂ ਸਟਾਲ ਨਹੀਂ ਸੀ ਦੋ ਰੇਲਵੇ ਪੁਲਿਸ ਵਾ਼ਲੇ ਕਿਸੇ ਨੂੰ ਕੁੱਟ ਰਹੇ ਸਨ। ਰੌ਼ਲਾ ਅਤੇ ਚੀਕਾਂ ਸੁਣ ਕੇ ਯਾਤਰੀ ਤੇ ਵੈਂਡਰ ਓਧਰ ਨੂੰ ਜਾਣ ਲੱਗ ਪਏ , ਸ਼ਾਇਦ ਕੋਈ ਜੇਬਕਤਰਾ ਫੜ੍ਹ ਲਿਆ ਹੋਵੇ ....ਪਰ ਨਹੀਂ , ਇਹ ਤਾਂ ਸਰਜੂ ਨੂੰ ਕੁੱਟ ਰਹੇ ਸਨ । ਉਸ ਆਈ ਹੋਈ ਅਨ੍ਹੇਰੀ ਨੇ ਉਸਦੀ ਜ਼ਿੰਦਗੀ ਵਿਚ ਹਫ਼ੜਾ- ਦਫੜੀ ਪੈਦਾ ਕਰ ਦਿੱਤੀ । ਰੇਲਵੇ ਪੁਲਿਸ ਵਾ਼ਲੇ ਉਸਨੂੰ ਚੰਗਾ ਨਹੀਂ ਸਮਝਦੇ ਸਨ ਜਿਵੇਂ ਓਹ ਪਾਕਿਸਤਾਨ ਦਾ ਜਾਸੂਸ ਹੋਵੇ ।

" ਤੈਂਨੂੰ ਕਿੰਨੀਂ ਵਾਰ ਕਿਹੈ, ਏਥੇ ਨਾ ਆਇਆ ਕਰ .... ਤੂੰ ਫੇਰ ਨਹੀਂ ਹਟਿਆ " ਪੁਲਿਸ ਵਾਲਾ ਕੜਕਿਆ।

" ਬਾਬੂ ਜੀ ... ਮੈਂ ਏਥੇ ਕੋਈ ਗ਼ਲਤ ਕੰਮ ਨਹੀਂ ਕਰਤਾ , ਭੀਖ ਨਹੀਂ ਮੰਗਤਾ , ਮਿਹਨਤ ਕਰਕੇ ਜੀ ਤਾਂ ਖਾਂਦਾ ਹਾਂ ਜੀ !" ਸਰਜੂ ਰਲੀ- ਮਿਲੀ ਬੋਲੀ ਵਿੱਚ ਅੜ ਕੇ ਬੋਲਿਆ ਤੇ ਹੱਥ ਨਹੀਂ ਜੋੜੇ । ਓਹ ਖੱਬੇ ਸੱਜੇ ਸਿਰ ਹਿਲਾ ਕੇ ਅੰਦਰ ਦੀ ਸ਼ਕਤੀ ਨਾ਼ਲ ਲੋਕਾਂ ਦੀਆਂ ਆਵਾਜ਼ਾਂ ਦੀ ਸੂਹ ਲੈਣ ਲੱਗਿਆ ।

" ਚਲੋ ਛੱਡੋ ਸਰ, ਇਸਨੂੰ ਸਮਝਾ ਦਿੰਨੇ ਐਂ, ਗ਼ਰੀਬ ਅਪਾਹਜ ਐ ... ਕੁੱਟਣ ਦਾ ਕੀ ਫ਼ਾਇਦਾ " ਵੈਂਡਰ ਕਪਿਲ ਨੇ ਪੁਲਿਸ ਵਾ਼ਲੇ ਨੂੰ ਮਿੰਨਤ ਕੀਤੀ, ਹੋਰ ਯਾਤਰੀ ਵੀ ਤਰਸ ਕਰਨ ਲਈ ਕਹਿਣ ਲੱਗੇ । " ਠੀਕ ਐ, ਹੁਣ ਇਸ ਤੋਂ ਬਾਅਦ ਤੂੰ ਏਥੇ ਦਿਸਣਾ ਨਹੀਂ ਚਾਹੀਦਾ " ਪੁਲਿਸ ਵਾ਼ਲੇ ਨੇ ਡੰਡਾ ਉਤਾਂਹ ਚੁੱਕਿਆ ਜਿਹੜਾ ਸਰਜੂ ਨੂੰ ਦਿਸਿਆ ਨਹੀਂ ।"

ਬਾਬੂ ਜੀ, ਤੁਸੀਂ ਮੈਂਨੂੰ ਦੇਖੋਗੇ ਤਾਂ ਦਿਸੂੰਗਾ ,... ਤੁਸੀਂ ਮੇਰੇ ਵੱਲ ਨਾ ਦੇਖਣਾ... ਫਿਰ ਮੈਂ ਤੁਹਾਨੂੰ ਨਹੀਂ ਦਿਖੂੰਗਾ ..."

" ਕੀ ਮਤਲਬ ਤੇਰਾ , ਓਏ "

" ਦੇਖੋ ਜੀ ਤੁਮ..." ਸਰਜੂ ਨੇ ਲੋਕਾਂ ਦੀ ਕਨਸੋਅ ਲੈਣ ਲਈ ਏਧਰ ਓਧਰ ਸਿਰ ਘੁਮਾ ਕੇ ਕਿਹਾ ।

ਓਥੇ ਸੁਣਨ ਵਾ਼ਲੇ ਕੁਛ ਯਾਤਰੀ ਹੱਸ ਪਏ ।

ਤਾਂ ਪੁਲਿਸ ਵਾ਼ਲੇ ਖਿੱਝ ਗਏ ਤੇ ਛੱਡ ਕੇ ਤੁਰ ਗਏ ।ਪੁਲਿਸ ਵਾਲਿਆਂ ਦੀ ਡਿਊਟੀ ਸੀ ਕੋਈ ਮਜਬੂਰੀ ਸੀ ਜਾਂ ਕੋਈ ਹੋਰ ਕਾਰਨ ਪਰ ਓਹਨਾਂ ਦਾ ਨਿਰਦਈ ਲਹਿਜਾ ਕਿਸੇ ਨੂੰ ਚੰਗਾ ਨਹੀਂ ਲੱਗਿਆ।

ਤਿੰਨ ਦਿਨ ਲੰਘ ਗਏ ਸਰਜੂ ਨੂੰ ਕਿਸੇ ਨੇ ਸਟੇਸ਼ਨ ਤੇ ਨਹੀਂ ਦੇਖਿਆ । ਓਹ ਪੁਲਿਸ ਦੀ ਕੁੱਟ ਨਾ਼ਲ ਦੁਖੀ ਹੋਇਆ ਤਿੰਨ ਦਿਨ ਆਪਣੇ ਕਮਰੇ ਵਿੱਚ ਪਿਆ ਰਿਹਾ। ਨਾ ਕੁਛ ਖਾਧਾ ਨਾ ਪੀਤਾ । ਉਸਦਾ ਸਰੀਰ ਦੁਖਦਾ ਸੀ ਪਰ ਰੂਹ ਤਕੜੀ ਸੀ । ਸਰਜੂ ਸਟੇਸ਼ਨ ਦੇ ਨੇੜੇ ਦੀ ਬਸਤੀ ਵਿੱਚ ਛੋਟੇ ਜਿਹੇ ਕਮਰੇ ਵਿੱਚ ਕਿਰਾਏ ਤੇ ਰਹਿੰਦਾ ਸੀ। ਬਹੁਤ ਸਾਰੇ ਵੈਂਡਰ ਵੀ ਏਧਰ ਹੀ ਰਹਿੰਦੇ ਸਨ ।

ਕਪਿਲ ਸਰਜੂ ਨੂੰ ਯਾਦ ਕਰਕੇ ਸੋਚਦਾ ਕਿ ਓਹ ਹਰ ਰੋਜ਼ ਓਸਨੂੰ ਚਾਹ ਪਿਲਾਉਂਦਾ ਸੀ । ਓਹ ਭਾਂਵੇਂ ਉਸ ਤੋਂ ਪੈਸੇ ਨਹੀਂ ਸੀ ਲੈਂਦਾ ਪਰ ਸਰਜੂ ਨੂੰ ਚਾਹ ਪਿਆ ਕੇ ਸਾਰਾ ਦਿਨ ਕੰਮ ਵਿੱਚ ਵਾਧੇ ਦੀ ਤਸੱਲੀ ਮੰਨ ਲੈਂਦਾ ਸੀ । ਵੈਂਡਰ ਕਪਿਲ ਦਾ ਇਕ ਵੱਡਾ ਭਰਾ ਵੀ ਅੱਖਾਂ ਤੋਂ ਅਪਾਹਜ ਸੀ । ਬਚਪਨ ਵਿੱਚ ਇਕ ਦੁਰਘਟਨਾ ਵਿੱਚ ਉਸਦੀ ਨਿਗ੍ਹਾ ਚਲੀ ਗਈ ਸੀ। ਸ਼ਾਇਦ ਇਸੇ ਕਰਕੇ ਕਪਿਲ ਦੀ ਦਿਲਚਸਪੀ ਸਰਜੂ ਦੀ ਸ਼ਖਸੀਅਤ ਵਿੱਚ ਸ਼ਾਮਲ ਸੀ। ਕਪਿਲ ਦਾ ਇਹ ਭਰਾ ਸੂਰਦਾਸਾਂ ਵਾ਼ਲੀ ਪੜ੍ਹਾਈ ਪੜ੍ਹਿਆ ਤੇ ਸਿੱਖਿਆ ਹੋਇਆ ਸੀ । ਓਹ ਸ਼ਹਿਰ ਦੇ ਇੱਕ ਕਾਲਜ ਵਿੱਚ ਨੌਕਰੀ ਕਰਦਾ ਸੀ। ਦਫ਼ਤਰ ਵਿੱਚ ਉਸਨੂੰ ਵਿਜੇ ਸਿੰਘ ਕਹਿੰਦੇ ਪਰ ਜਦੋਂ ਓਹ ਰੇਲਵੇ ਸਟੇਸ਼ਨ ਤੇ ਛੋਟੇ ਭਰਾ ਕਪਿਲ ਨੂੰ ਮਿਲਣ ਆਉਂਦਾ ਤਾਂ ਸਟੇਸ਼ਨ ਵਾਲੇ ਵੈਂਡਰ ਉਸਨੂੰ ਸਿੰਘ ਸਾਹਿਬ ਕਹਿ ਕੇ ਬੁਲਾਉਂਦੇ, ਭਾਵੇਂ ਉਹ ਸਿੱਖ ਨਹੀਂ ਸੀ । ਓਹ ਵੀ ਸਰਜੂ ਨੂੰ ਜਾਣਦਾ ਸੀ ।

ਅੱਜ ਵਿਜੇ ਨੇ ਆਓਣ ਸਾਰ ਸਰਜੂ ਬਾਰੇ ਪੁੱਛਿਆ ਤਾਂ ਪਿੱਛੋਂ ਆਵਾਜ਼ ਆਈ ...." ਨਮਸਤੇ ਬਾਊ ਜੀ, ਦੇਖੋ ਤੁਮ... ਮੈਂਨੂੰ ਤੁਸੀਂ ਯਾਦ ਕੀਤਾ ਤੇ ਮੈਂ ਆ ਗਿਆ " ਸਰਜੂ ਤਿੰਨ ਦਿਨਾਂ ਬਾਅਦ ਅਚਾਨਕ ਆ ਕੇ ਖੜ੍ਹ ਗਿਆ ।

" ਮੈਂਨੂੰ ਕਪਿਲ ਬਾਊ ਜੀ ਕੇ ਸਟਾਲ ਕੀ ਖ਼ੁਸ਼ਬੂ ਆ ਗਈ ਸੀ " ਸਰਜੂ ਨੇ ਜਿਵੇਂ ਆਪਣੀ ਗੰਧ ਸ਼ਕਤੀ ਬਾਰੇ ਦੱਸਿਆ।

ਕਪਿਲ ਨੇ ਦੋਹਾਂ ਲਈ ਚਾਹ ਬਣਾਈ । ਸਰਜੂ ਨੂੰ ਚਾਹ ਨਾਲ ਇੱਕ ਬ੍ਰੈੱਡ ਪਕੌੜਾ ਦਿੱਤਾ। ਸਰਜੂ ਜਦੋਂ ਇੱਕ ਪਕੌੜਾ ਖਾਅ ਹਟਿਆ ਤਾਂ ਕਪਿਲ ਨੇ ਇੱਕ ਹੋਰ ਦੇ ਦਿੱਤਾ। ਦੂਸਰਾ ਪਕੌੜਾ ਫੜਦਿਆਂ ਸਰਜੂ ਨੇ ਕਿਹਾ... " ਦੇਖੋ ਤੁਮ.... ਮੈਂਨੂੰ ਬੜੀ ਭੁੱਖ ਲੱਗੀ ਹੋਈ ਸੀ ਤਾਂ ਹੀ ਤੁਸੀਂ ਦੋ ਪਕੌੜੇ ਦਿੱਤੇ ,... ਮੈਂ ਤਿੰਨ ਦਿਨ ਤੋਂ ਕੁਛ ਨਹੀਂ ਖਾਇਆ ਸੀ , ਪੈਸੇ ਈ ਨਹੀਂ ਸੀ , ਕਹਾਂ ਸੇ ਖਾਂਦਾ ?... ਦੇਖੋ ਤੁਮ , ਉਸ ਦਿਨ ਪੁਲਿਸ ਵਾ਼ਲੇ ਨੇ ਮੈਥੋਂ ਪਾਂਚ ਸੌ ਰੁਪੈ ਵੀ ਛੀਂਨ ਲੀਏ ਓਅਰ ਮਾਰ ਵੀ ਦਿੱਤਾ... ਮੈਂ ਕਿੱਥੋਂ ਖਾਂਦਾ ? ..ਦੇਖੋ ਤੁਮ "

" ਦੇਖੋ ਤੁਮ " ਉਸਦਾ ਤਕੀਆ ਕਲਾਮ ਤਾਂ ਨਹੀਂ ਸੀ ਪਰ ਆਪਣੀ ਗੱਲ ਨੂੰ ਸਮਝਾਉਣ ਤੇ ਜੋਰ ਦੇਣ ਲਈ ਇਹ ਸ਼ਬਦ ਵਰਤਦਾ ਸੀ।

" ਓ ਹੋ, ਤੂੰ ਸਾਨੂੰ ਦੱਸਿਆ ਕਿਓਂ ਨ੍ਹੀ , ਤਿੰਨ ਦਿਨ ਭੁੱਖਾ ਰਿਹਾ । ਸਰਜੂ ਦੀ ਗੱਲ ਸੁਣ ਕੇ ਕਪਿਲ ਤੇ ਵਿਜੇ ਦਾ ਮਨ ਭਰ ਆਇਆ। ਰੋਣ ਕਪਿਲ ਦੇ ਗਲੇ ਵਿਚ ਅੜ ਗਿਆ।

" ਦੇਖ ਭਰਾ , ਤੂੰ ਪੜ੍ਹ ਕੇ ਸਿਖਲਾਈ ਲੈ ਲਾ, ਫੇਰ ਮੈਂ ਤੈਨੂੰ ਆਪਣੀ ਤਰ੍ਹਾਂ ਨੌਕਰੀ ਤੇ ਲਗਵਾ ਦੇਉਂਗਾ। ਵਿਜੇ ਨੇ ਪ੍ਰੇਰਣਾ ਦਿੰਦੇ ਹੋਏ ਆਪਣਾ ਸੁਝਾਅ ਦਿੱਤਾ।

" ਬਾਬੂ ਜੀ, ਤੁਹਾਡੀ ਗੱਲ ਠੀਕ ਹੈਗੀ,ਪਰ ਮੈਂ ਪੜ੍ਹਾਈ ਕਰੂੰਗਾ , ਸਿਖਲਾਈ ਕਰੂੰਗਾ ਫਿਰ ਖਾਊਂਗਾ ਕਿੱਥੋਂ...ਦੇਖੋ ਤੁਮ ,... ਔਰ ਮੈਂ ਨੌਕਰੀ ਭੀ ਨਹੀਂ ਕਰ ਸਕਤਾ... ਆਪਣੇ ਆਪ ਆਪਣੇ ਹੱਥੋਂ ਸੇ ਕਮਾਉਂਗਾ ,... "

" ਠੀਕ ਹੈ ਭਾਈ ਸਰਜੂ , ਤੇਰੀ ਮਰਜ਼ੀ ਜੋ ਤੈਨੂੰ ਅੱਛਾ ਲੱਗੇ ਓਹੀ ਕਰ " ਵਿਜੇ ਨੇ ਆਪਣਾ ਸੁਝਾਅ ਛੱਡ ਦਿੱਤਾ।

ਖਾ ਪੀ ਕੇ ਓਹਨਾਂ ਨੇ ਗੱਲਾਂ ਬਾਤਾਂ ਕੀਤੀਆਂ। ਸਰਜੂ ਆਪਣੇ ਛੋਟੇ ਜਿਹੇ ਬੈਗ ਵਿਚੋਂ ਰੁਮਾਲ,ਪੇਪਰ ਸੋਪ ਵ਼ਗੈਰਾ ਕੱਢ ਕੇ ਤਿਆਰੀ ਕਰਨ ਲੱਗ ਪਿਆ। ਵਿਜੇ ਸਿੰਘ ਵੀ ਜਾਣ ਲਈ ਤਿਆਰ ਹੋ ਗਿਆ ਸੀ ਤੇ ਓਹ ਵੀ ਚਲਾ ਗਿਆ।

ਸਰਜੂ ਪਲੇਟ ਫਾਰਮ ਤੇ ਤੁਰਿਆ ਜਾਂਦਾ ਰੇਲ ਦੇ ਡੱਬਿਆਂ ਨੇੜੇ ਜਾਣ ਲੱਗਿਆ ਤਾਂ ਰੇਲਵੇ ਪੁਲਿਸ ਵਾ਼ਲੇ ਨੇ ਦੇਖ ਲਿਆ।

" ਤੈਂਨੂੰ ਕੀ ਕਿਹਾ ਸੀ ਓਏ, ਨਹੀਂ ਸਮਝਿਆ !"

ਪੁਲਿਸ ਵਾ਼ਲੇ ਦੀ ਆਵਾਜ਼ ਸੁਣ ਕੇ ਸਰਜੂ ਨੇ ਖੜ੍ਹ ਕੇ, ਓਧਰ ਨੂੰ ਮੂੰਹ ਘੁਮਾ ਕੇ ਬਿੜਕ ਲਈ ਤੇ ਹੌ਼ਲੀ ਜਿਹੇ ਮੂੰਹ ਚੋਂ ਇਹ ਸ਼ਬਦ ਕੱਢੇ " ਧਰਮ ਭ੍ਰਿਸ਼ਟ ਹੋ ਗਿਆ ਇਨ ਕਾ , ਅਬ ਰਿਸ਼ਵਤ ਮੰਗ ਲੇਂਗੇ ...ਕਹਾਂ ਸੇ ਦੇ ਦੂੰਗਾ ਮੈਂ " ਪਰ ਪੁਲਿਸ ਵਾ਼ਲਿਆਂ ਨੂੰ ਸੁਣਿਆ ਨਹੀਂ ।

" ਦੇਖੋ ਤੁਮ , ਮੈਂ ਹੋਰ ਕਹਾਂ ਜਾਊਂ ਬਾਬੂ ਜੀ "

" ਚੱਲ ਮੁੜ ਪਿੱਛੇ" ਪੁਲਿਸ ਵਾ਼ਲੇ ਨੇ ਸਖ਼ਤੀ ਨਾਲ ਹਦਾਇਤ ਕੀਤੀ।

ਸਰਜੂ ਪਿੱਛੇ ਮੁੜ ਪਿਆ। ਓਹ ਹੌ਼ਲੀ ਹੌ਼ਲੀ ਤੁਰਿਆ ਜਾਂਦਾ ਕਪਿਲ ਦੇ ਸਟਾਲ ਕੋ਼ਲ ਜਾ ਕੇ ਪਲੇਟਫਾਰਮ ਦੀ ਫ਼ਰਸ਼ ਤੇ ਚੌਕੜੀ ਮਾਰ ਕੇ ਬੈਠ ਗਿਆ।

" ਤੈਂਨੂੰ ਅੰਦਰ ਕਰ ਦਿਆਂਗੇ, ਚਲ ਉੱਠ"

ਪੁਲਿਸ ਵਾਲਾ ਆਪਣੀ ਥਾਂ ਤੇ ਅੜਿਆ ਹੋਇਆ ਸੀ।

" ਕਰ ਦਿਓ ਫ਼ੇਰ ਅੰਦਰ ... ਮੈਂ ਦੋ ਰੋਟੀਆਂ ਖਾਣੀਆਂ ਹੁੰਦੀਆਂ, ਦੇਖੋ ਤੁਮ... ਅੰਦਰ ਜਾ ਕੇ ਖਾ ਲੂੰਗਾ " ... ਮੈਂ ਏਥੇ ਕਿਸੇ ਨੂੰ ਦੁੱਖ ਨਹੀਂ ਦਿੰਦਾ ... ਕੋਈ ਮੇਰੇ ਤੋਂ ਦੁਖੀ ਨਹੀਂ , ... ਮੈਂ ਕਿਸੇ ਤੋਂ ਭੀਖ ਨਹੀਂ ਮੰਗੱਤਾ... ਤੁਸੀਂ ਮੈਨੂੰ ਮਿਹਨਤ ਕਰ ਕੇ ਖਾਣ ਨਹੀਂ ਦਿੰਦੇ .. ਇੰਨਾਂ ਕਹਿ ਕੇ ਉਸਨੇ ਬੈਠੇ ਬੈਠੇ ਆਪਣੀ ਸੋਟੀ ਪਲੇਟਫਾਰਮ ਦੀ ਫ਼ਰਸ਼ ਤੇ ਮਾਰ ਦਿੱਤੀ ਤੇ ਕਿਹਾ - " ਮੈਂ ਏਥੇ ਹੀ ਰਹੂੰਗਾ , ਦੇਖੋ ਤੁਮ"

ਸਰਜੂ ਨੇ ਆਪਣੀ ਸੋਟੀ ਪਲੇਟਫਾਰਮ ਦੀ ਫ਼ਰਸ਼ ਤੇ ਫੇਰ ਮਾਰ ਦਿੱਤੀ ਜਿਵੇਂ ਉਸ ਨੇ ਪੁਲਿਸ ਵਾ਼ਲੇ ਦੇ ਸਿਰ ਚ ਮਾਰੀ ਹੋਵੇ ।

ਇਸ ਰੌਲੇ ਰੱਪੇ ਵਿੱਚ ਸਟੇਸ਼ਨ ਦੇ ਵੈਂਡਰ ਤੇ ਹੋਰ ਯਾਤਰੀ ਵੀ ਇਕੱਠੇ ਹੋ ਗਏ। ਪੁਲਿਸ ਵਾ਼ਲਾ ਚੁੱਪ ਕਰਕੇ ਕਦੇ ਸਰਜੂ ਦੇ ਮੂੰਹ ਵੱਲ ਕਦੇ ਲੋਕਾਂ ਵੱਲ ਦੇਖਣ ਲੱਗ ਪਿਆ ।

" ਕੌਲੀ ਬਜਾਨੇ ਸੇ ਊਂਟ ਨਹੀਂ ਭਾਗਤਾ , ਦੇਖੋ ਤੁਮ... ਕਹਿਤੇ ਹੈਂ ਅੰਦਰ ਕਰ ਦੇਂਗੇ,.. ਭਾਈ ਸੂਰਦਾਸ ਕੋ ਮਾਰਨਾ ਔਰ ਅੰਦਰ ਕਰਨਾ ਕਹਾਂ ਕਾ ਕਾਨੂੰਨ ਹੈ... ਦੇਖੋ ! " ਓਹ ਬੋਲੀ ਗਿਆ।

ਪੁਲਿਸ ਵਾ਼ਲੇ ਨੇ ਸਰਜੂ ਨੂੰ ਭੜਕਿਆ ਦੇਖ ਕੇ ਪਤਾ ਨਹੀਂ ਕੀ ਸੋਚਿਆ, " ਮੈਂ ਕੰਪਨੀ ਇੰਚਾਰਜ ਨੂੰ ਜਾ ਕੇ ਦਸਦਾਂ " ਇੰਨਾਂ ਕਹਿ ਕੇ ਓਹ ਤੁਰ ਗਿਆ । ਸਰਜੂ ਹਲੇ ਵੀ ਬੋਲ ਰਿਹਾ ਸੀ- " ਦੇਖੋ ਤੁਮ, ... ...."

"ਅੰਧੇ ਲੋਕ ਮੰਗਦੇ ਫ਼ਿਰਦੇ ਐ, ਇਹ ਤਾਂ ਫਿਰ ਵੀ ਮਿਹਨਤ ਕਰਦਾ ਐ " , ਲੋਕਾਂ ਵਿੱਚੋਂ ਇੱਕ ਬੋਲਿਆ ।

" ਸਹੀ ਗੱਲ ਐ ਜੀ ਡੇਢ੍ਹ ਦੋ ਹਜ਼ਾਰ ਸ਼ਾਮ ਤੱਕ ਇਕੱਠੇ ਕਰ ਲੈਂਦੇ ਨੇ " ਇੱਕ ਹੋਰ ਬੋਲਿਆ ।

" ਬਾਬੂ ਜੀ ਮੈਂ ਤੋਂ ਇਤਨੇ ਏਕ ਮਹੀਨੇ ਵਿੱਚ ਕਮਾਉਂਦਾ ਹਾਂ ਜੀ ,..... ਇਹ ਫਿਰ ਭੀ ਮੇਰੇ ਕੋ਼ਲੋਂ ਮੰਗਦੇ ਹੈਗੇ " ਸਰਜੂ ਨੇ ਸ਼ਿਕਾਇਤ ਦੇ ਲਹਿਜੇ ਨਾ਼ਲ ਲੋਕਾਂ ਨੂੰ ਦੱਸਿਆ।

ਇੱਕ ਬੰਦੇ ਨੇ ਇਕ ਵੈਂਡਰ ਦੀ ਸਹਾਇਤਾ ਨਾਲ ਸਰਜੂ ਨੂੰ ਬਾਂਹ ਤੋਂ ਫੜ੍ਹ ਖੜ੍ਹਾ ਕਰ ਦਿੱਤਾ, ਕਪਿਲ ਦੇ ਸਟਾਲ ਕੋ਼ਲ ਬਣੇ ਬੈਂਚ ਤੇ ਬਿਠਾ ਦਿੱਤਾ। " ਤੂੰ ਬੇਫ਼ਿਕਰ ਹੋ ਕੇ ਚਾਹ ਪੀ , ਕਲ੍ਹ ਨੂੰ ਅਸੀਂ ਸਾਰੇ ਸ਼ਟੇਸ਼ਨ ਮਾਸਟਰ ਤੇ ਕੰਪਨੀ ਕਮਾਂਡਰ ਨੂੰ ਕਹਾਂਗੇ ਕਿ ਓਹ ਤੈਨੂੰ ਏਥੇ ਕੰਮ ਕਰਨ ਤੋਂ ਨਾ ਰੋਕਣ " ਕਪਿਲ ਨੇ ਸਰਜੂ ਨੂੰ ਚਾਹ ਦਾ ਕੱਪ ਫੜਾਉਂਦੇ ਹੋਏ ਕਿਹਾ ।

" ਠੀਕ ਐ ਬਾਬੂ ਜੀ , ਸਰਜੂ ਨੇ ਹੱਥ ਜੋੜੇ ਫਿਰ ਹੱਥਾਂ ਨੂੰ ਆਪਸ ਵਿੱਚ ਇੰਝ ਘੁੰਮਾਉਂਣ ਲੱਗ ਪਿਆ ਜਿਵੇਂ ਹੱਥ ਧੋ ਰਿਹਾ ਹੋਵੇ ।

ਸਰਜੂ ਆਪਣੇ ਚਿਹਰੇ ਨੂੰ ਇਧਰ ਓਧਰ ਘੁਮਾ ਕੇ ਲੋਕਾਂ ਦੇ ਇਕੱਠ ਦੀ ਬਿੜਕ ਲੈ ਰਿਹਾ ਸੀ...ਉਸ ਦੀਆਂ ਬੰਦ ਅੱਖਾਂ ਤੇਜੀ ਨਾਲ ਥਿਰਕ ਰਹੀਆਂ ਸਨ ਜਿਵੇਂ ਸਾਰੇ ਮਾਹੌਲ ਨੂੰ ਅੰਦਰੋਂ ਦੇਖ ਰਹੀਆਂ ਹੋਣ।



ਮਨਜੀਤ ਸਿੰਘ ਜੀਤ
9501615511

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com